# ਰੇਡੀਓ ਲੜੀਵਾਰ: ਜਲਵਾਯੂ ਬਦਲਾਅ – ਕਿਉਂ ਬਦਲ ਰਹੀ ਹੈਂ ਫਿਜ਼ਾਏਂ

## ਕੜੀ 36 ਸੰਭਲ ਜਾਓ ਅਜੇ ਵੀ....

## It's Time to Be Careful and Act

ਲੇਖਣ ਤੇ ਖੋਜ: ਡਾ. ਅਨੁਰਾਗ ਸ਼ਰਮਾ

ਪੰਜਾਬੀ ਰੁਪਾਂਤਰ ਤੇ ਖੋਜ: ਭਾਰਤ ਗਿਆਨ ਵਿਗਿਆਨ ਸੰਮਤੀ, ਪੰਜਾਬ ਤੇ ਚੰਡੀਗੜ੍ਹ

(In this episode, we have discussed the impact and the evidence of climate change in India by way of a family discussion held among two youngsters, the teen agers, and their maternal grand parents. The episode opens up with the scene of continuous untimely rain due to which the youngsters who have come for holidaying have been compelled to stay indoors only and are unable to step out and enjoy the beauty of nature in the hills. The impact of the global warming resulting from the climate change has been depicted through its effect on our food and fruit production as well as in the increasing severity and spread of the diseases and the emergence of new diseases. The outcome of the impact has been made a focus that all of us, more so the farmers, observe in daily life and our economy. The relationship of our efforts on mitigation of hunger and our economy has also been made a focus through a family dialogue.)

(ਇਸ ਕੜੀ ਵਿੱਚ ਅਸੀਂ ਭਾਰਤ ਵਿੱਚ ਜਲਵਾਯੂ ਪਰਿਵਰਤਨ ਦੇ ਸਬੂਤ ਅਤੇ ਉਨ੍ਹਾਂ ਦੇ ਪ੍ਰਭਾਵ ਦੇ ਬਾਬਤ ਚਰਚਾ ਕੀਤੀ ਹੈ – ਇੱਕ ਪਰਿਵਾਰਕ ਵਾਰਤਾਲਾਪ ਦੇ ਰੂਪ ਵਿੱਚ! ਵਾਰਤਾਲਾਪ ਜਿਹੜਾ ਹੋਇਆ ਹੈ ਦੋ ਗਭਰੇਟਾਂ ਇੱਕ ਲੜਕੀ ਤੇ ਇੱਕ ਲੜਕੇ ਅਤੇ ਉਨ੍ਹਾਂ ਦੇ ਨਾਨਾ ਨਾਨੀ ਦੇ ਦਰਮਿਆਨ! ਇਸ ਦੀ ਸੁਰੂਆਤ ਹੁੰਦੀ ਹੈ ਉਸ ਦ੍ਰਿਸ਼ ਨਾਲ ਜਿਸ ਵਿੱਚ ਬਾਹਰ ਬੇ-ਰੁੱਤੀ ਬਹੁਤ ਹੀ ਤੇਜ ਬਾਰਸ਼ ਹੋ ਰਹੀ ਹੈ ਜਿਸ ਕਰਕੇ ਇਹ ਗਭਰੇਟ, ਜਿਹੜੇ ਬੜੀ ਹੀ ਤਮੰਨਾ ਨਾਲ ਛੁੱਟੀਆਂ ਮਨਾਉਣ ਆਏ ਹਨ, ਘਰ ਦੇ ਅੰਦਰ ਹੀ ਠਹਿਰਨ ਵਾਸਤੇ ਮਜਬੂਰ ਹਨ ਅਤੇ ਬਾਹਰ ਨਿੱਕਲ ਕੇ ਪਹਾੜਾਂ ਵਿੱਚ ਕੁਦਰਤ ਦੇ ਸੁਹੱਪਣ ਦਾ ਅਨੰਦ ਨਹੀਂ ਮਾਣ ਸਕਦੇ। ਜਲਵਾਯੂ ਬਦਲਾਅ ਕਾਰਨ ਪੈਦਾ ਹੋ ਰਹੀ ਤੇ ਵਧ ਰਹੀ ਆਲਮੀ ਤਪਸ਼ ਦਾ ਪ੍ਰਭਾਵ ਦਰਸਾਇਆ ਗਿਆ ਹੈ – ਇਸ ਬਦਲਾਅ ਦੇ ਸਾਡੇ ਭੋਜਨ ਅਤੇ ਫਲਾਂ ਦੇ ਉਤਪਾਦਨ 'ਤੇ ਪੈਂਦੇ ਪ੍ਰਭਾਵ ਦੇ ਰਾਹੀਂ ਅਤੇ ਵਧਦੀਆਂ ਤੇ ਜਿਆਦਾ ਫੈਲਦੀਆਂ ਅਤੇ ਨਵੀਆਂ ਉਭਰਦੀਆਂ ਬਿਮਾਰੀਆਂ ਦੇ ਰਾਹੀਂ। ਇਸ ਪ੍ਰਭਾਵ ਦੇ ਸਿੱਟਿਆਂ 'ਤੇ ਸਾਡਾ ਧਿਆਨ ਕੇਂਦ੍ਰਿਤ ਕੀਤਾ ਗਿਆ ਹੈ ਜਿਸ ਦੇ ਅਸੀਂ ਸਾਰੇ ਹੀ ਪਰ ਭੁਗਤ ਭੋਗੀ ਹਾਂ ਪਰ ਜਿਸਦਾ ਜਿਆਦਾ ਪ੍ਰਭਾਵ ਪੈਂਦਾ ਹੈ ਸਾਡੇ ਕਿਸਾਨਾਂ ਦੇ ਰੋਜ਼ਾਨਾ ਜੀਵਣ ਅਤੇ ਆਰਥਕਤਾ ਦੇ ਉਪਰ! ਪਰਿਵਾਰਕ ਵਾਰਤਾਲਾਪ ਦੇ ਜ਼ਰੀਏ ਵਾਤਾਵਰਨੀ ਬਦਲਾਓ ਦੇ ਸਾਡੇ ਭੁੱਖਮਰੀ ਨਾਲ ਜੂਝਣ ਦੇ ਯਤਨਾਂ ਅਤੇ ਸਾਡੇ ਅਰਥਚਾਰੇ 'ਤੇ ਪੈਂਦੇ ਪ੍ਰਭਾਵਾਂ ਨੂੰ ਵੀ ਕੇਂਦ੍ਰਿਤ ਕੀਤਾ ਗਿਆ ਹੈ)

ਪਾਤਰ

ਔਰਤ ਸੂਤਰਧਾਰ

ਮਰਦ ਸੂਤਰਧਾਰ

ਨਾਨਾ ਜੀ : (72 ਸਾਲ), ਪੂਰਵ ਸਿਆਸੀ ਪੱਤਰਕਾਰ ਅਤੇ ਹੁਣ ਨੀਤੀਆਂ ਦੇ ਸਮੀਖਿਆਕਾਰ

ਨਾਨੀ ਜੀ : (71 ਸਾਲ), ਪੇਸ਼ੇ ਤੋਂ ਡਾਕਟਰ ਤੇ ਲੇਖਕ

ਰੁਲਦ : ਨਾਨਾ-ਨਾਨੀ ਦਾ ਪਰਿਵਾਰਕ ਜੀਅ ਵਰਗਾ ਗਾਲੜੀ ਨੌਕਰ

ਸੁਮਨ : (19 ਸਾਲ), ਕਾਲਜ ਦੀਆਂ ਛੁੱਟੀਆਂ 'ਚ ਨਾਨਾ-ਨਾਨੀ ਦੇ ਕੋਲ ਆਈ ਹੈ

ਸੁਮਿਤ : (15 ਸਾਲ), ਸਕੂਲ ਦੀਆਂ ਛੁੱਟੀਆਂ 'ਚ ਆਪਣੀ ਭੈਣ ਸੁਮਨ ਦੇ ਨਾਲ ਨਾਨਾ-ਨਾਨੀ ਦੇ ਕੋਲ ਆਇਆ ਹੋਇਆ ਹੈ

**ਸ਼ੁਰੂਆਤੀ ਐਲਾਨ**

(ਸਿਰਲੇਖ ਗੀਤ ਦਾ ਸੰਗੀਤ-ਟ੍ਰੈਕ ਸੁਣਾਇਆ ਜਾਵੇਗਾ)

ਜਲਵਾਯੂ ਬਦਲਾਅ, ਕਿਉਂ ਬਦਲ ਰਹੀ ਹੈਂ ਫਿਜ਼ਾਏਂ ......

**ਸੰਗੀਤ**......

ਐਲਾਨ : ਆਲ ਇੰਡੀਆ ਰੇਡਿਓ ਵੱਲੋਂ ਵਿਗਿਆਨ-ਪ੍ਰਸਾਰ ਦੇ ਸਹਿਯੋਗ ਨਾਲ ਪੇਸ਼ ਹੈ, **ਜਲਵਾਯੂ ਬਦਲਾਅ ਦੀ ਵਿਗਿਆਨ** ਦੇ ਲੜੀਵਾਰ "**ਕਿਉਂ ਬਦਲ ਰਹੀ ਹੈਂ ਫਿਜ਼ਾਏਂ**" **ਦੀ ਛੱਤੀਵੀਂ ਕੜੀ** "**ਸੰਭਲ ਜਾਓ ਅਜੇ ਵੀ....**"।

**(ਸਿਰਲੇਖ ਗੀਤ ਦਾ ਸੰਗੀਤ-ਟ੍ਰੈਕ ਮੁੜ ਸੁਣਾਇਆ ਜਾਵੇਗਾ)**

**ਔਰਤ ਸੂਤਰਧਾਰ :** ਹਾਂ ਜੀ। ਪਿਆਰੇ ਸ੍ਰੋਤਿਓ ...ਸੁਆਗਤ ਹੈ ਜੀ ਤੁਹਾਡਾ ਸਭ ਦਾ ਅੱਜ ਦੇ "**ਜਲਵਾਯੂ ਬਦਲਾਅ ਦੀ ਵਿਗਿਆਨ**" ਦੇ ਲੜੀਵਾਰ "**ਕਿਉਂ ਬਦਲ ਰਹੀ ਹੈਂ ਫਿਜ਼ਾਏਂ**" ਦੀ **ਛੱਤੀਵੀਂ** ਕੜੀ ਵਿੱਚ।

**ਮਰਦ ਸੂਤਰਧਾਰ :** ਹਾਂ! ਇਸ ਲੜੀਵਾਰ "**ਕਿਉਂ ਬਦਲ ਰਹੀ ਹੈਂ ਫਿਜ਼ਾਏਂ**" ਦੀ ਪਿਛਲੀ ਕੜੀ, '**ਚਰਚਾ - ਆਪਸੀ ਵਾਰਤਾਲਾਪ**' ਵਿੱਚ ਕੀਤੀ ਸੀ ਅਸੀਂ ਚਰਚਾ ਤੇ ਸੁਣਾਈ ਸੀ ਕਹਾਣੀ ਉਨ੍ਹਾਂ ਮੁੱਖ ਮੁੱਦਿਆਂ ਦੀ - ਉਭਰੇ ਸਨ ਜਿਹੜੇ ਪਿਛਲੀਆਂ ਪੰਜ ਕੜੀਆਂ ਵਿੱਚ!

**ਔਰਤ ਸੂਤਰਧਾਰ :** ਹਾਂ ਜੀ! ਹੋਈ ਸੀ ਚਰਚਾ ਕਿ ਜਲਵਾਯੂ ਬਦਲਾਅ ਦੇ ਮੁੱਦੇ 'ਤੇ ਕਿਹੜੀਆਂ ਨੇ ਸੰਸਥਾਵਾਂ ਅਤੇ ਕੀ ਹੋਏ ਨੇ ਸਮਝੌਤੇ ਅਤੇ ਕੀ ਨੇ ਤਹਿ ਕੀਤੀਆਂ ਮਰਿਆਦਾਵਾਂ - ਅੰਤਰ ਰਾਸਟਰੀ ਪੱਧਰ ਦੇ ਉਪਰ!

**ਮਰਦ ਸੂਤਰਧਾਰ :** ਗੱਲ ਤਾਂ ਇਸ ਮੁੱਦੇ ਨਾਲ ਜੁੜੀ ਸਿਆਸਤ ਦੀ ਵੀ ਲਾਜ਼ਮੀ ਸੀ ਹੋਣੀ ਤੇ ਹੋਈ ਵੀ ਸੀ ਕਿਉਂ ਜੋ ਸਾਰੇ ਅੰਤਰ ਰਾਸ਼ਟਰੀ ਮੰਚਾਂ ਉਪਰ ਚਰਚਾ ਹੋਣ ਵੇਲੇ, ਸਮਝੌਤਿਆਂ ਅਤੇ ਮਰਿਆਦਾਵਾਂ ਤਹਿ ਹੋਣ ਵੇਲੇ, ਇਨ੍ਹਾਂ ਨੂੰ ਅਮਲ ਵਿੱਚ ਲਾਗੂ ਕਰਨ ਵੇਲੇ ਵੱਖ ਵੱਖ ਧਿਰਾਂ 'ਤੇ ਮੁਲਕਾਂ ਦੀ ਸਿਆਸਤ ਹੀ ਤਾਂ ਹੁੰਦੀ ਹੈ ਫੈਸਲਾਕੁਨ ਤਾਕਤ!

**ਔਰਤ ਸੂਤਰਧਾਰ:** ਗੱਲ ਹੋਈ ਸੀ ਨੈਸ਼ਨਲ ਓਸ਼ੀਐਨਿਕ ਐਂਡ ਐਟਮਾਸਫ਼ੈਰਿਕ ਐਡਮਨਿਸਟਰਰੇਸ਼ਨ ਜਾਂ ਐਨ ਓ ਏ ਏ ਯਾਣੀ ਰਾਸ਼ਟਰੀ ਸਮੁੰਦਰੀ ਤੇ ਵਾਯੁਮੰਡਲੀ ਪ੍ਰਸ਼ਾਸਨ ਦੀ!

**ਮਰਦ ਸੂਤਰਧਾਰ :** ਗੱਲ ਕੀਤੀ ਸੀ ਕਿ ਵਿਗਿਆਨੀਆਂ ਨੇ ਗਲੋਬਲ ਵਾਰਮਿੰਗ ਅਤੇ ਅਲੱਗ-ਅਲੱਗ ਦੇਸ਼ਾਂ ਵਿੱਚ ਹੋ ਰਹੀਆਂ ਲੜਾਈਆਂ ਵਿਚਕਾਰ ਵੀ ਕੁਝ ਕੁ ਸਬੰਧ ਲੱਭੇ ਹਨ!

**ਔਰਤ ਸੂਤਰਧਾਰ :** ਸੁਣੇ ਸਨ ਅਸੀਂ ਉਹ ਨੁਕਤੇ ਵੀ, ਕਰਦੇ ਸਨ ਸਪਸ਼ਟੀਕਰਨ ਜਿਹੜੇ ਉਨ੍ਹਾਂ ਸਾਰੇ ਸ਼ਬਦਾਂ ਦਾ ਅਤੇ ਉਨ੍ਹਾਂ ਧਾਰਨਾਵਾਂ ਦਾ ਜੁੜੀਆਂ ਨੇ ਜਿਹੜੀਆਂ ਜਲਵਾਯੂ ਬਦਲਾਅ ਅਤੇ ਆਲਮੀ ਤਪਸ਼ ਦੇ ਮੁੱਦੇ ਦੇ ਨਾਲ! ਜਿਵੇਂ ਸੰਯੁਕਤ ਰਾਸਟਰ ਵਿਕਾਸ ਪ੍ਰੋਗਰਾਮ (ਯੂ ਐਨ ਡੀ ਪੀ), WMO ਯਾਣੀ ਵਿਸ਼ਵ ਮੌਸਮ ਵਿਗਿਆਨ ਸੰਗਠਨ ਅਤੇ UNEP ਯਾਣੀ ਸੰਯੁਕਤ ਰਾਸ਼ਟਰ ਵਾਤਾਵਰਨ ਪ੍ਰਾਗਰਾਮ ਅਤੇ IPCC ਯਾਣੀ ਜਲਵਾਯੂ ਤਬਦੀਲੀ ਸਬੰਧੀ ਅੰਤਰ-ਸਰਕਾਰੀ ਦਲ!

**ਮਰਦ ਸੂਤਰਧਾਰ :** ਸੁਣਾਈ ਸੀ ਕਹਾਣੀ UNFCC ਭਾਵ ਯੁਨਾਈਟਿਡ ਨੇਸ਼ਨਜ਼ ਫਰੇਮਵਰਕ ਆਨ ਕਲਾਈਮੇਟ ਚੇਂਜ ਭਾਵ ਜਲਵਾਯੂ-ਤਬਦੀਲੀ ਸਬੰਧੀ ਸੰਯੁਕਤ ਰਾਸ਼ਟਰ ਕਨਵੈਂਸ਼ਨ ਜਿਸ ਦੀਆਂ ਲਗਾਤਾਰ ਬੈਠਕਾਂ ਕਾਨਫਰੈਂਸ ਆਫ ਪਾਰਟੀਜ਼ (ਸੀ ਓ ਪੀ) ਦੇ ਨਾਮ ਤਹਿਤ ਹੁੰਦੀਆਂ ਹਨ!

**ਔਰਤ ਸੂਤਰਧਾਰ :** ਹੋਈ ਸੀ ਗੱਲ ਕਿ 1997 ਵਿੱਚ ਸੀ ਓ ਪੀ ਵਿੱਚ ਪਾਸ ਹੋਇਆ ਸੀ ਕਿਓਟੋ ਮਰਿਆਦਾ ਮਤਾ ਯਾਣੀ ਕਿਓਟੋ ਪ੍ਰੋਟੋਕਾਲ ਜਿਸ ਅਨੁਸਾਰ ਹਰਿਤ ਘਰ ਪ੍ਰਭਾਵ ਗੈਸਾਂ ਦੇ ਓਤਸਰਜਨ ਨੂੰ ਘਟਾਉਣ ਵਾਸਤੇ ਮਾਪ ਦੰਡ ਅਤੇ ਸਮਾ ਸਾਰਨੀਆਂ ਤਹਿ ਕੀਤੀਆਂ ਗਈਆਂ ਸਨ।

**ਮਰਦ ਸੂਤਰਧਾਰ:** ਹੋਈ ਸੀ ਚਰਚਾ ਕਿ ਵਿਕਸਿਤ ਮੁਲਕ ਜਿਹੜੇ ਪ੍ਰਦੂਸ਼ਣ ਕਰਨ ਵਾਲੀ ਪਹਿਲੀ ਸ੍ਰੇਣੀ ਵਿੱਚ ਹਨ ਉਹ ਨੇ ਉਦਯੋਗਕ ਦੇਸ਼ ਜਿਵੇਂ ਅਮਰੀਕਾ, ਇੰਗਲੈਂਡ, ਆਸਟ੍ਰੇਲੀਆ ਅਤੇ ਯੂਰਪ ਸੰਘ ਦੇ ਦੇਸ਼ ਤੇ ਕੁੱਝ ਘੱਟ ਵਿਕਸਿਤ ਮੁਲਕ ਵੀ। ਸੁਣਾਇਆ ਸੀ ਕਿੱਸਾ ਕਿ ਕਿਵੇਂ ਵਿਸ਼ਵ ਦਾ ਸਭ ਤੋਂ ਵੱਡਾ ਪ੍ਰਦੂਸ਼ਣ ਕਰਨ ਵਾਲਾ ਦੇਸ਼ ਅਮਰੀਕਾ ਕਿਓਟੋ- ਪ੍ਰੋਟੋਕਾਲ 'ਤੇ ਅਮਲ ਕਰਨ ਤੋਂ ਆਨਾਕਾਨੀ ਕਰ ਰਿਹਾ ਹੈ!

**ਔਰਤ ਸੂਤਰਧਾਰ :** ਸੁਣਾਈ ਸੀ ਕਹਾਣੀ ਕਾਰਬਨੀ ਪੈੜਾਂ ਦੀ (ਕਾਰਬਨ ਫੁੱਟ ਪ੍ਰਿੰਟਸ ਦੀ) ਭਾਵ ਉਤਪਾਦਨ ਕੰਮ 'ਚ ਕਿੰਨੀ ਮਾਤਰਾ ਯਾਣੀ ਕਾਰਬਨ ਦੇ ਟਨਾਂ 'ਚ ਗ੍ਰੀਨ ਹਾਊਸ ਗੈਸਾਂ ਦਾ ਉਤਸਰਜਨ ਹੁੰਦਾ ਹੈ। ਇਸ ਨੂੰ ਘਟਾਉਣ ਨਾਲ ਕਾਰਬਨ ਕ੍ਰੈਡਿਟ ਦੀ ਵੀ ਚਰਚਾ ਕੀਤੀ ਸੀ ਕਿ ਕਿਵੇਂ ਰੁੱਖ ਲਗਾ ਕੇ ਕਾਰਬਨ ਕ੍ਰੈਡਿਟ ਕਮਾਏ ਜਾ ਸਕਦੇ ਹਨ!

**ਮਰਦ ਸੂਤਰਧਾਰ:** ਸੁਣ ਲਿਆ ਸੀ ਤੁਸੀਂ ਸੱਚ ਕਿ ਅਮਰੀਕੀ ਉਪ ਰਾਸਟਰਪਤੀ ਅਲ ਗੋਰ ਦੇ ਵਾਤਾਵਰਨ ਬਦਲਾਓ ਬਾਬਤ ਪੇਸ਼ਕਾਰੀ 'ਤੇ ਬਣੀ ਫਿਲਮ ਕੌੜੀ ਸਚਾਈ ਦੀ ਅਤੇ ਕਾਰਬਨ ਦੇ ਨਾਲ ਹੋਰ ਹਰਿਤ ਘਰ ਗੈਸਾਂ ਜਿਵੇਂ ਸੀ ਐਫ ਸੀ ਵਗੈਰਾ ਦੇ ਉਤਸਰਜਨ ਨੂੰ ਘਟਾਉਣ ਦੀ ਲੋੜ ਦੀ।

**ਔਰਤ ਸੂਤਰਧਾਰ :** ਸੁਣਾਈ ਸੀ ਕਹਾਣੀ 'ਕਾਰਬਨ ਕਰ' (ਪਿਗੋਵੀਅਨ ਟੈਕਸ) ਦੀ ਅਤੇ ਹਰਿਤ ਵਿਰੋਧਾਭਾਸ ਦੀ ਕਿ ਕਿਵੇਂ ਅਮੀਰ ਮੁਲਕ ਟੈਕਸ ਭਰ ਕੇ ਕਾਰਬਨ ਉਤਸਰਜਨ ਕਰਦੇ ਰਹਿਣਗੇ, ਪਰ ਬਿਆਨ ਕਰ ਦਿੱਤਾ ਸੀ ਇਹ ਤੱਥ ਵੀ ਕਿ ਕਾਰਬਨ ਕਰ ਦੇਣਾ ਹਰਿਤ ਘਰ ਪ੍ਰਭਾਵ ਘਟਾਉਣ ਵਾਲੀ ਤਕਨਾਲੋਜੀ ਦੀ ਵਰਤੋਂ ਨਾਲੋਂ ਮਹਿੰਗਾ ਹੋਣ ਕਰਕੇ, ਨਵੀਂ ਤਕਨਾਲੋਜੀ ਦੀ ਵਰਤੋਂ ਲੋੜ ਬਣ ਜਾਵੇਗੀ ਤੇ ਇਹ ਵਿਰੋਧ ਹੱਲ ਹੋ ਜਾਵੇਗਾ।

**ਮਰਦ ਸੂਤਰਧਾਰ**: ਸੁਣ ਲਿਆ ਸੀ ਅਸੀਂ ਕਿੱਸਾ ਇਹ ਵੀ ਕਿ ਕਿਵੇਂ ਹਰਿਤ ਤਕਨਾਲੋਜੀ ਦੇ ਸਥਾਂਨੰਤਰ ਦੀ ਬਜਾਏ ਤਕਨਾਲੋਜੀ ਸਾਂਝ ਭਿਆਲੀਆਂ ਇਸ ਮਾਮਲੇ ਦਾ ਹੱਲ ਬਣ ਕਦੀਆਂ ਹਨ !

**ਔਰਤ ਸੂਤਰਾਧਾਰ**: ਹੋਈ ਸੀ ਗੱਲ ਕਿ ਕਿਵੇਂ ਹਰਿਤ ਘਰ ਪ੍ਰਭਾਵ ਗੈਸਾਂ ਦੇ ਉਤਸਰਜਨ ਦੇ ਮਾਪ ਦੰਡਾਂ ਜਿਵੇਂ ਕੁੱਲ ਉਤਸਰਜਨ, ਪ੍ਰਤੀ ਵਿਅਕਤੀ ਉਤਸਰਜਨ, ਕਾਰਬਨ ਡਾਈਅਕਸਾਈਡ, ਜੰਗਲਾਤ ਕਟਾਈ ਤੇ ਪਸ਼ੂਆਂ ਕਾਰਨ ਉਤਸਰਜਨ, ਕੁੱਲ ਇਤਿਹਾਸਕ ਉਤਸਰਜਨ ਉਪਰ ਸਿਆਸੀ ਮੱਤ ਭੇਦ ਅਜੇ ਵੀ ਕਾਇਮ ਹਨ ਅਤੇ ਇੱਕ ਦੂਜੇ ਨੂੰ ਦੋਸ਼ ਦੇਣ ਦੀ ਸਿਆਸੀ ਖੇਡ ਜਾਰੀ ਹੈ ਜ਼ੋਰ ਸ਼ੋਰ ਦੇ ਨਾਲ!

**ਮਰਦ ਸੂਤਰਧਾਰ**: ਦੋਸਤੋ ਰੇਡੀਓ ਲੜੀਵਾਰ ਦੀ ਇਸ ਕੜੀ ਵਿੱਚ ਅੱਜ ਅਸੀਂ ਬਿਆਨ ਕਰਾਂਗੇ ਕਹਾਣੀ ਜਲਵਾਯੂ ਬਦਲਾਅ ਕਾਰਨ ਪੈਦਾ ਹੋ ਰਹੀ ਆਲਮੀ ਤਪਸ਼ ਦੇ ਭਾਰਤੀ ਲੋਕਾਂ ਉਪਰ, ਆਰਥਕਤਾ ਅਤੇ ਭੋਜਨ ਉਤਪਾਦਨ ਦੇ ਉਪਰ!

**ਔਰਤ ਸੂਤਰਾਧਾਰ**: ਲਓ ਸੁਣੋ ਇਸ ਨਵੇਂ ਲੜੀਵਾਰ '**ਕਿਉਂ ਬਦਲ ਰਹੀ ਹੈਂ ਫਿਜ਼ਾਏਂ**' ਦੀ ਛੱਤੀਵੀਂ ਕੜੀ "**ਸੰਭਲ ਜਾਓ ਅਜੇ ਵੀ....**! ਇਉਂ ਕਰਦੇ ਨੇ ਪੇਸ਼ ਸਾਡੇ ਇਹ ਕਲਾਕਾਰ!

......**ਲੜੀਵਾਰ ਦੀ ਧੁਨ**......

......**ਦ੍ਰਿਸ਼ ਬਦਲਾਅ ਸੰਗੀਤ**......

......**ਦ੍ਰਿਸ਼ ਪਹਿਲਾ**......

**(ਦ੍ਰਿਸ਼ ਬਦਲਾਅ ਸੰਗੀਤ ..........................ਮੱਧਮ ਪੈਂਦਾ ਹੈ)**

**(ਤੇਜ਼ ਵਰਖਾ ਦੀ ਅਵਾਜ਼, ਤੜਾਤੜ ਬੂੰਦਾਂ ਪੈ ਰਹੀਆ ਹਨ...)**

ਸੁਮਨ : ਨਾਨਾ ਜੀ ਅੱਜ ਫਿਰ ਐਨੀ ਤੇਜ਼ ਵਰਖਾ? ਛੁੱਟੀਆਂ 'ਚ ਤਾਂ ਗਰਮੀਆਂ ਹੁੰਦੀਆਂ ਨੇ.. ਲੱਗਦਾ ਇਸ ਵਾਰ ਦੀਆਂ ਛੁੱਟੀਆਂ ਤੁਹਾਡੇ ਨਾਲ ਤਾਂ ਕਟਣਗੀਆਂ.. ਸ਼ਾਇਦ ਘਰ 'ਚ ਹੀ ਬੈਠ ਕੇ ਹੀ...

ਸੁਮਿਤ : ਹਾਂ ਦੀਦੀ, ਅਜੇ ਤਾਂ ਸਾਨੂੰ ਆਏ ਹੀ ਦੋ ਦਿਨ ਹੋਏ ਨੇ ਤੇ ਦੋ ਦਿਨਾਂ ਤੋਂ ਲਗਾਤਾਰ ਮੀਂਹ ਅਤੇ ਅੱਜ ਤਾਂ ਕੁਝ ਜ਼ਿਆਦਾ ਹੀ ਤੇਜ਼ ਹੈ.. ਲੱਗਦਾ ਹੈ ਅੱਜ ਵੀ ਨਾਨਾ ਜੀ ਦਾ ਡੇਅਰੀ ਫਾਰਮ ਨਹੀਂ ਦੇਖਣ ਜਾ ਸਕਦੇ...

ਨਾਨੀ : ਸੁਮਿਤ, ਇਹ ਬੇਮੌਸਮਾ ਮੀਂਹ ਹੈ, ਸਿਹਤ ਵੀ ਖਰਾਬ ਕਰਦਾ ਹੈ ਅਤੇ ਕਦੇ-ਕਦੇ ਫ਼ਸਲ ਵੀ... ਚਲੋ ਅੱਜ ਤੁਹਾਡੇ ਪੱਤਰਕਾਰ ਨਾਨਾ ਜੀ ਦੇ ਕੁਝ ਕਿੱਸੇ ਹੀ ਸੁਣ ਲੈਂਦੇ ਹਾਂ...!

ਰੁਲਦੂ : ਕੀ ਮਾਂ ਜੀ! ਤੁਸੀਂ ਵੀ ਬਸ, ਦੋਵੇਂ ਬੱਚਿਆਂ ਨੂੰ ਬੋਰ ਕਰਨ ਦੀ ਗੱਲ ਕਰਦੇ ਹੋ। ਸਾਹਿਬ ਦੇ ਕਿੱਸੇ ਸੁਣੋਗੇ ਤਾਂ ਆਪਣੀਆਂ ਛੁੱਟੀਆਂ ਨੂੰ ਕੋਸੋਗੇ, ਇਸ ਤੋਂ ਚੰਗਾ ਹੈ ਮੀਂਹ 'ਚ ਭਿੱਜ ਹੀ ਲਉ ਅਤੇ ਡੇਅਰੀ ਫਾਰਮ ਵੀ ਵੇਖ ਆਓ!

ਨਾਨਾ : ਵੇਖ ਰੁਲਦੂ! ਐਵੇਂ ਨਾ ਗੱਲਾਂ ਮਾਰੀ! ਇਕ ਤਾਂ ਤੇਰੇ ‘ਤੋਂ ਕੋਈ ਕੰਮ ਨਹੀਂ ਹੁੰਦਾ ਤੇ ਉਪਰੋਂ ਬੱਚਿਆਂ ਨੂੰ ਬਿਮਾਰ ਕਰਨ ‘ਤੇ ਤੁਲਿਆ ਹੋਇਐਂ.. ਤੇਰੇ ਕੋਲੋਂ ਤਾਂ ਇਹ ਵੀ ਨਹੀਂ ਸਰਦਾ ਕਿ ਮੀਂਹ ‘ਚ ਬੱਚਿਆਂ ਦੇ ਲਈ ਪਕੌੜੇ ਹੀ ਤਲ ਦੇਵੇਂ ਜਾਂ ਵੇਸਣ ਦਾ ਹਲਵਾ ਹੀ ਬਣਾ ਦੇਵੇਂ... ਆਇਆ ਵੱਡਾ ਮਾਂ ਦਾ ਚਮਚਾ...!

ਰੁਲਦੂ : ਦੇਖੋ ਮਾਂ ਜੀ, ਸਾਹਿਬ ਅੱਜ ਫਿਰ ਚਮਚਾ ਕਹਿ ਰਹੇ ਨੇ...

ਨਾਨੀ : (ਹੱਸਦੇ ਹੋਏ) ਕੋਈ ਗੱਲ ਨਹੀਂ, ਮੇਰਾ ਚਮਚਾ ਹੀ ਤਾਂ ਕਿਹਾ ਹੈ ਨਾ....!

ਸੁਮਿਤ : ਵੈਸੇ ਪਕੌੜੇ ਤਾਂ ਖਾ ਹੀ ਸਕਦੇ ਹਾਂ..

ਨਾਨਾ : ਵਾਹ! ਸੁਮਿਤ.. ਇਹ ਹੋਈ ਨਾ ਗੱਲ..

ਨਾਨੀ : ਹਰ ਮੀਂਹ ਦਾ ਮਤਲਬ ਪਕੌੜੇ ਹੀ ਨਹੀਂ ਹੁੰਦੇ! ਮੌਸਮ ਦੇ ਹਿਸਾਬ ਨਾਲ ਖਾਣਾ ਪੀਣਾ ਚਾਹੀਦਾ ਹੈ! ਇਹ ਕੀ? ਜਰਾ ਜਿੰਨੀ ਵਰਖਾ! ਤੇ ਗਰਮ ਪਕੌੜੇ! ਗਰਮੀ ਲੱਗੇ ਤਾਂ ਠੰਡਾ ਜੂਸ...!

ਸੁਮਨ : ਪਰ ਨਾਨੀ ਜੀ, ਹੁੰਦਾ ਤਾਂ ਅਜਿਹਾ ਹੀ ਹੈ..

ਨਾਨਾ : ਸੁਮਨ ਬੇਟੀ, ਇਹ ਨਾਨੀ ਡਾਕਟਰ ਹੈ ਨਾ...! ਇਸ ਲਈ ਡਾਕਟਰੀ ਹੀ ਦਿਖਾਉਂਦੀ ਰਹਿੰਦੀ ਹੈ। ਹੁਣ ਭਾਈ ਮੀਂਹ ਤਾਂ ਮੀਂਹ ਹੈ.. ਜਦੋਂ ਆਇਆ ਉਦੋਂ ਪਕੌੜੇ..

-ਹੱਸੀ-

ਸੁਮਿਤ : ਪਰ ਨਾਨਾ ਜੀ, ਨਾਨੀ ਜੀ ਠੀਕ ਹੀ ਤਾਂ ਆਖ ਰਹੇ ਨੇ! ਮੇਰੀ ਟੀਚਰ ਆਂਹਦੀ ਹੈ ਕਿ ਧਰਤੀ ‘ਤੇ ਗਲੋਬਲ ਵਾਰਮਿੰਗ ਦੇ ਕਾਰਨ ਜਲਵਾਯੂ ਬਦਲ ਰਿਹਾ ਹੈ.. ਜਿਸ ਕਾਰਨ ਬੇਮੌਸਮ ਵਰਖਾ, ਹੜ੍ਹ, ਹਨ੍ਹੇਰੀ-ਤੂਫ਼ਾਨ, ਨਵੇਂ-ਨਵੇਂ ਰੋਗ ਆਦਿ ਦਾ ਪ੍ਰਕੋਪ ਵਧ ਰਿਹਾ ਹੈ...

ਨਾਨੀ : ਓ ਵਾਹ ਸੁਮਿਤ! ਤੈਨੂੰ ਤਾਂ ਕਾਫੀ ਜਾਣਕਾਰੀ ਹੈ!

ਨਾਨਾ : ਸੁਮਿਤ! ਲੱਗਦਾ ਹੈ ਤੂੰ ਵੀ ਇਨ੍ਹਾਂ ਦੀ ਦੁਨੀਆ ਦੇ ਬਹਿਕਾਵੇ ‘ਚ ਆ ਗਿਆ... ਇਹ ਗਲੋਬਲ ਵਾਰਮਿੰਗ, ਜਲਵਾਯੂ ਪਰਿਵਰਤਨ ਇਹ ਸਭ ਤਾਂ ਕੁਝ ਤੁਹਾਡੀ ਨਾਨੀ ਵਰਗੇ ਪੜ੍ਹੇ-ਲਿਖੇ ਲੋਕਾਂ ਦੇ ਦਿਮਾਗ਼ ਦੀ ਉਪਜ ਹੈ..

ਸੁਮਨ : ਵੈਸੇ ਨਾਨਾ ਜੀ, ਵਿਸ਼ਵਾਸ ਤਾਂ ਮੈਨੂੰ ਵੀ ਨਹੀਂ ਹੈ, ਪਰ ਕਹਿੰਦੇ ਨੇ ਕਿ ਗਲੋਬਲ ਵਾਰਮਿੰਗ ਕਾਰਨ ਪੈਦਾ ਹੋਈ ਠੰਢ ਨੇ ਤਾਂ ਇਸ ਵਾਰ ਸਾਰੇ ਰਿਕਾਰਡ ਤੋੜ ਦਿੱਤੇ...! ਅਮਰੀਕਾ ਦੇ ਰਾਸਟਰਪਤੀ ਡੋਨਾਲਡ ਟਰੰਪ ਨੇ ਤਾਂ ਗਲੋਬਲ ਵਾਰਮਿੰਗ ਨੂੰ ਅੰਕੜਾਬਾਜੀ ਦੀ ਖੇਡ ਹੀ ਕਹਿ ਦਿੱਤਾ ਸੀ!

ਨਾਨੀ : ਉਹ ਤਾਂ ਝੁਠਲਾਉਣਗੇ ਹੀ ਕਿਉਂਕਿ ਦੁਨੀਆ ‘ਚ ਸਭ ਤੋਂ ਜ਼ਿਆਦਾ ਗਲੋਬਲ ਵਾਰਮਿੰਗ ਦੇ ਲਈ ਇਹ ਵੱਡੇ ਦੇਸ਼ ਹੀ ਤਾਂ ਜ਼ਿੰਮੇਵਾਰ ਹਨ.. ਖ਼ਾਸ ਤੌਰ ‘ਤੇ ਅਮਰੀਕਾ....

ਰੁਲਦੂ : ਭਲਾ ਉਹ ਕਿਵੇਂ ਮਾਂ ਜੀ.........?

ਨਾਨਾ : ਮੈਂ ਦੱਸਾਂ ਉਹ ਕਿਵੇਂ...! ਪਕੌੜੇ ਤਾਂ ਬਣਾਉਂਦਾ ਨਹੀਂ, ਹੁਣ ਗੱਲਾਂ ਬਣਾ ਰਿਹਾ ਹੈਂ...

ਨਾਨੀ : ਰੁਲਦੂ ਲਈ ਤਾਂ ਇਹ ਚਰਚਾ ਸੁਣਨੀ ਸਭ ਤੋਂ ਜ਼ਰੂਰੀ ਹੈ ਜਨਾਬ...!

ਸੁਮਿਤ : ਕਿਉਂ ਨਾਨੀ ਜੀ?

ਨਾਨੀ : ਓਹ ਇਸ ਲਈ ਕਿ ਪਕੌੜੇ ਬਣਨ ਦਾ ਫੈਸਲਾ ਇਸੇ ਨਾਲ ਹੋਣਾ ਹੈ! ਜੇਕਰ ਇਸ ਚਰਚਾ ਵਿਚ ਇਹ ਤੈਅ ਹੋ ਗਿਆ ਕਿ ਗਲੋਬਲ ਵਾਰਮਿੰਗ ਹੋ ਰਹੀ ਹੈ, ਤਾਂ ਰੁਲਦੂ ਸਭ ਦੇ ਲਈ ਵਧੀਆ ਫਲ ਕੱਟ ਕੇ ਲਿਆਏਗਾ.. ਨਹੀਂ ਤਾਂ... ਗਰਮ ਗਰਮ ਪਕੌੜੇ...!

ਨਾਨਾ : ਮੰਜ਼ੂਰ..

ਸੁਮਨ : ਠੀਕ ਹੈ! ਨਾਨਾ ਜੀ ਮੈਂ ਤੁਹਾਡੀ ਸਾਇਡ..

ਸੁਮਿਤ : ਅਤੇ ਮੈਂ ਨਾਨੀ ਜੀ ਵੱਲ..

ਨਾਨੀ : (ਹੱਸਦੇ ਹੋਏ) ਅਤੇ ਰੁਲਦੂ ਜੱਜ...

-ਹੱਸੀ-

ਨਾਨਾ : ਕੁਝ ਨਿਯਮ ਵੀ ਬਣਾ ਲੈਂਦੇ ਹਾਂ.. ਵੇਖੋ ਜਦੋਂ ਵੀ ਗਲੋਬਲ ਵਾਰਮਿੰਗ ਦੀ ਗੱਲ ਹੁੰਦੀ ਹੈ ਤਾਂ ਤੁਸੀਂ ਸਾਰੇ ਸਿੱਧਾ ਅੰਟਾਰਟਿਕਾ ਮਤਲਬ ਦੱਖਣੀ ਧਰੁਵ ਅਤੇ ਆਰਕਟਿਕ ਮਤਲਬ ਉੱਤਰੀ ਧਰੁਵ ਪਹੁੰਚ ਜਾਂਦੇ ਹੋ...! ਅਮਰੀਕਾ, ਕੈਨੇਡਾ, ਰੂਸ ਆਦਿ ਬਾਬਤ ਬਹੁਤ ਹੋ ਚੁੱਕੀ ਚਰਚਾ! ਅੱਜ ਗੱਲ ਸਿਰਫ਼ ਭਾਰਤ ‘ਚ ਗਲੋਬਲ ਵਾਰਮਿੰਗ ਦੇ ਅਸਰ ‘ਤੇ ਹੋਵੇਗੀ ਅਤੇ ਦੂਜਾ ਜੇਕਰ ਕਿਸੇ ਦੀ ਕੋਈ ਗੱਲ ਪਸੰਦ ਨਾ ਆਈ ਤਾਂ ਉਸ ਨੂੰ ਉਠਕ-ਬੈਠਕ ਕਰਨੀ ਹੋਵੇਗੀ.. 10 ਵਾਰ...

-ਹੱਸੀ-

ਰੁਲਦੂ : ਕੀ..ਕੀ...ਕਿਉਂ ਜੀ! ਮੈਂ ਉਠਕ-ਬੈਠਕ ਕਿਉਂ ਲਗਾਵਾਂ... ਮੈ..ਮੈ..ਮੈਂ ਤਾਂ ਜੱਜ ਹਾਂ...

ਨਾਨੀ : (ਹੱਸਦੇ ਹੋਏ) ਕੋਈ ਉਠਕ-ਬੈਠਕ ਨਹੀਂ ਲਗਾਵੇਗਾ, ਹਾਂ! ਪਹਿਲੀ ਸ਼ਰਤ ਮੰਜ਼ੂਰ ਹੈ....

ਸੁਮਨ : ਠੀਕ ਹੈ, ਤਾਂ ਚਰਚਾ ਸ਼ੁਰੂ...!

ਸੁਮਿਤ : ਚਰਚਾ ਨਾਨਾ ਜੀ ਸ਼ੁਰੂ ਕਰਨਗੇ..

ਨਾਨਾ : ਧੰਨਵਾਦ ਸੁਮਿਤ.. ਮੈਂ ਤਾਂ ਇਹੀ ਕਹਿਣਾ ਚਾਹੁੰਦਾ ਹਾਂ ਕਿ ਗਲੋਬਲ ਵਾਰਮਿੰਗ ਕੋਈ ਨਵੀਂ ਗੱਲ ਨਹੀਂ ਹੈ, ਧਰਤੀ 'ਤੇ ਹਮੇਸ਼ਾ ਤੋਂ ਗਰਮ ਯੁੱਗ, ਸ਼ੀਤ ਕਾਲ, ਹਿੰਮ ਯੁੱਗ ਆਦਿ ਆਉਂਦੇ-ਜਾਂਦੇ ਰਹੇ ਹਨ.. ਅਤੇ ਜੇਕਰ ਮੌਸਮ ਵਿਚ ਕੁਝ ਅਟਪਟਾ ਹੋ ਵੀ ਰਿਹਾ ਹੈ, ਤਾਂ ਇਹ ਪੂਰੀ ਤਰ੍ਹਾਂ ਕੁਦਰਤੀ ਹੈ.. ਭਾਰਤ ਵਿਚ ਗਲੋਬਲ ਵਾਰਮਿੰਗ ਦਾ ਪ੍ਰਭਾਵ ਕੁਝ ਵੀ ਨਹੀਂ ਹੈ..

ਸੁਮਨ : ਵਾਹ! ਵਾਹ! ਨਾਨਾ ਜੀ.. ਕੀ ਕਮਾਲ ਦੀ ਸ਼ੁਰੂਆਤ ਕੀਤੀ...

ਨਾਨੀ : ਕੀ ਖਾਕ ਸ਼ੁਰੂਆਤ ਕੀਤੀ ਹੈ.. ਚੰਗਾ ਹੋਇਆ ਇਹ ਗੱਲਾਂ ਕੋਈ ਸੁਣ ਨਹੀਂ ਰਿਹਾ ਨਹੀਂ ਤਾਂ ਸੁਣਨ ਵਾਲਿਆਂ ਨੂੰ ਲੱਗਦਾ ਤੁਹਾਡੇ ਨਾਨਾ ਦੇ ਝੂਠ ਵਿਚ ਵੀ ਸਭ ਸੱਚ ਹੈ.. ਅਜਿਹੀਆਂ ਗੈਰ ਵਿਗਿਆਨਕ ਲੱਛੇਦਾਰ ਗੱਲਾਂ ਨਾਲ ਸੱਚ ਤਾਂ ਨਹੀਂ ਛੁਪ ਸਕੇਗਾ...

ਸੁਮਿਤ : ਵਾਹ! ਵਾਹ! ਨਾਨੀ ਜੀ.. ਕਿਆ ਤੋੜ ਦੀ ਗੱਲ ਆਖੀ...

ਰੁਲਦੂ : ਉਹ ਤਾਂ ਠੀਕ ਹੈ, ਪਰ ਇਹ ਗ..ਗ..ਗਲੋਬਲ ਵਾਰਮਿੰਗ ਦਾ ਅਸਰ ਭਾਰਤ 'ਤੇ ਹੋ ਵੀ ਰਿਹਾ ਹੈ ਕਿ ਨਹੀਂ?

ਨਾਨੀ : ਕਿਉਂ ਨਹੀਂ ਰੁਲਦੂ.. ਅਸਰ ਤਾਂ ਪੂਰਾ ਹੋ ਰਿਹਾ ਹੈ.. ਭਾਰਤ ਤਾਂ ਗਲੋਬਲ ਵਾਰਮਿੰਗ ਦੇ ਬੁਰੇ ਪ੍ਰਭਾਵਾਂ ਤੋਂ ਬੁਰੀ ਤਰ੍ਹਾਂ ਪੀੜਤ ਹੈ..

ਨਾਨਾ : ਕਿਵੇਂ?

ਸੁਮਨ : ਹਾਂ ਨਾਨੀ ਜੀ.. ਕਿਵੇਂ?

ਰੁਲਦੂ : ਹਾਂ ਮਾਂ ਜੀ.. ਕਿਵੇਂ?

ਨਾਨੀ : ਓ ਰੁਲਦੂ, ਸਭ ਤੋਂ ਪਹਿਲੀ ਗੱਲ ਹੈ ਵਧਦੀ ਹੋਈ ਗਰਮੀ.. ਜੇਕਰ ਭਾਰਤ ਵਿਚ ਪਿਛਲੇ ਵੀਹ ਸਾਲਾਂ ਦੇ ਔਸਤ ਤਾਪਮਾਨ 'ਤੇ ਨਜ਼ਰ ਮਾਰੀਏ ਤਾਂ ਤਾਪਮਾਨ ਲਗਾਤਾਰ ਵਧ ਰਿਹਾ ਹੈ ਅਤੇ ਇਸ ਕਾਰਨ ਫਸਲਾਂ ਦੀ ਪੈਦਾਵਾਰ ਵੀ ਪ੍ਰਭਾਵਿਤ ਹੋ ਰਹੀ ਹੈ। ਕੀਟਾਂ ਦਾ ਪ੍ਰਕੋਪ ਵਧ ਰਿਹਾ ਹੈ! ਹਿਮਾਚਲ ਪ੍ਰਦੇਸ਼ ਵਿਚ ਸੇਬ ਦਾ ਉਤਪਾਦਨ ਘਟ ਰਿਹਾ ਹੈ, ਜਲਦੀ ਗਰਮੀ ਆਉਣ ਦੇ ਕਾਰਨ ਕਣਕ ਦੇ ਝਾੜ 'ਚ ਕਮੀ ਆ ਰਹੀ ਹੈ..

ਨਾਨਾ : ਹੋਲਡ... ਡਾ. ਸਾਹਿਬਾ ... ਹੋਲਡ.. ਇਹ ਵੀ ਤਾਂ ਬਿਨਾ ਕਿਸੇ ਸਬੂਤ ਦੇ ਚਾਰ ਲੱਛੇਦਾਰ ਗੱਲਾਂ ਹੀ ਨੇ! ਬਿਨਾ ਕਿਸੇ ਪੁਖਤਾ ਸਬੂਤ ਦੇ ਇਸ ਤਰ੍ਹਾਂ ਤਾਂ ਸਾਰੇ ਹੀ ਕਹਿ ਦਿੰਦੇ ਹਨ.. ਕੋਈ ਵਿਗਿਆਨਕ ਤੱਥ ਤਾਂ ਕਰੋ ਪੇਸ਼ ਪੁਖਤਾ ਸਬੂਤ ਦੇ ਵਜੋਂ!

ਨਾਨੀ : ਪੱਤਰਕਾਰ ਸਾਹਬ! ਸਬੂਤ ਵੀ ਬਹੁਤ ਨੇ ਤੇ ਜਾਹਰਾ ਅਨੁਭਵ ਵੀ! ਗਰਮੀ ਵਧਣ ਦੇ ਕਾਰਨ ਹੁਣ ਤਾਂ ਪਹਾੜੀ ਅਤੇ ਉੱਚੇ ਖੇਤਰਾਂ ਵਿਚ ਵੀ ਮੱਛਰ ਪਹੁੰਚਣ ਲੱਗ ਗਏ ਹਨ, ਜਿਹੜੇ ਕਈ ਰੋਗਾਂ ਦੇ ਵਾਹਕ ਹਨ। ਇਨ੍ਹਾਂ ਰੋਗਾਂ ਵਿਚ ਮਲੇਰੀਆ ਅਤੇ ਡੇਂਗੂ ਪ੍ਰਮੁੱਖ ਨੇ! ਪੂਰੀ ਸਰਦੀ ਤੁਸੀਂ ਵੀ ਮੱਛਰਾਂ ਨੂੰ ਭਜਾਉਣ ਦਾ ਪ੍ਰਬੰਧ ਕਰਦੇ ਰਹੇ। ਪਹਿਲਾਂ ਦਿਵਾਲੀ ਦੇ ਬਾਅਦ ਮੱਛਰ ਖ਼ਤਮ ਹੋ ਜਾਂਦੇ ਸਨ... ਪਰ ਅੱਜ ਕੱਲ.....ਬੱਸ ਆਪਣੇ ਆਪ ਤੋਂ ਹੀ ਪੁੱਛ ਲਵੋ ਜਰਾ! ਰੋਗਾਂ ਦੇ ਹੋਰ ਵਾਹਕਾਂ ਨੂੰ ਵੀ ਪਨਪਣ ਦੇ ਲਈ ਲੰਮਾ ਸਮਾਂ ਮਿਲਣ ਲੱਗਿਆ ਹੈ, ਜਿਸ ਕਾਰਨ ਵਾਹਕ (ਵੈਕਟਰ) ਜਨਿਤ ਰੋਗਾਂ ਦੇ ਮਾਮਲਿਆਂ ‘ਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ।

ਰੁਲਦੂ : ਇਹ ਗੱਲ ਤਾਂ ਠੀਕ ਆਖੀ ਹੈ ਮਾਂ ਜੀ ਨੇ.. ਮੱਛਰ ਤਾਂ ਹੁਣ ਸਾਲ ਭਰ ਹੀ ਤੰਗ ਕਰਦੇ ਰਹਿੰਦੇ ਹਨ...! ਮੈਨੂੰ ਤਾਂ ਇਸ ਗੱਲ ਦਾ ਇਲਮ ਹੀ ਨਹੀਂ ਸੀ! ਅੱਜ ਪਤਾ ਚੱਲਿਆ ਹੈ ਕਿ ਇਸ ਦਾ ਕਾਰਨ ਵੀ ਗਲੋਬਲ ਵਾਰਮਿੰਗ ਹੈ..

ਸੁਮਿਤ : ਮੇਰੀ ਟੀਚਰ ਨੇ ਕਿਹਾ ਸੀ ਕਿ ਜੇਕਰ ਭਾਰਤ ਵਿਚ ਔਸਤ ਤਾਪਮਾਨ ਵਿਚ ਵਾਧਾ ਹੋਇਆ ਤਾਂ ਭਾਰਤ ਦੀ ਭੋਜਨ-ਸੁਰੱਖਿਆ ਅਤੇ ਜਲ-ਸੰਸਾਧਨਾਂ ‘ਤੇ ਸਭ ਤੋਂ ਬੁਰਾ ਅਸਰ ਪਏਗਾ। ਗਰਮਾਉਂਦੀ ਧਰਤੀ ਦੇ ਕਾਰਨ ਜਲ-ਚੱਕਰ ਵਿਚ ਵੀ ਪਰਿਵਰਤਨ ਆ ਰਿਹਾ ਹੈ ਜਿਸ ਕਰਕੇ ਫਸਲ-ਚੱਕਰ ਵੀ ਪ੍ਰਭਾਵਿਤ ਹੋ ਰਿਹਾ ਹੈ... ਤੇ ਝਾੜ ਵੀ ਘਟ ਰਿਹਾ ਹੈ....!

ਸੁਮਨ : ਹਾਂ ਸੁਮਿਤ! ਉਹ ਤਾਂ ਸਾਡੀ ਮੈਡਮ ਨੇ ਵੀ ਕਿਹਾ ਸੀ ਕਿ ਵਿਸ਼ਵ ਵਿਚ ਜ਼ਿਆਦਾਤਰ ਖੇਤੀਬਾੜੀ ਮੌਸਮ ‘ਤੇ ਅਧਾਰਿਤ ਹੈ। ਭਾਰਤ ‘ਚ ਲਗਭਗ 60% ਖੇਤੀ ਵਰਖਾ ‘ਤੇ ਨਿਰਭਰ ਹੈ! ਇਹ ਸੱਚ ਤਾਂ ਸਾਰੇ ਹੀ ਵੇਖਦੇ , ਸੁਣਦੇ ਤੇ ਜਾਣਦੇ ਹਨ...

ਨਾਨਾ : ਵੇਖੋ ਸੁਮਿਤ, ਸੁਮਨ... ਮੰਨਿਆ ਕਿ ਇਹ ਸਾਰੀਆਂ ਗੱਲਾਂ ਸਹੀ ਹਨ... ਚੱਲੋ ਇਹ ਵੀ ਮੰਨਿਆ ਕਿ ਮੱਛਰਾਂ ਦਾ ਪ੍ਰਕੋਪ ਵਧਿਆ ਹੈ, ਡੇਂਗੂ ਤੇ ਸਵਾਇਨ ਫਲੂ ਦੇ ਮਾਮਲੇ ਵੀ ਹਰ ਸਾਲ ਵਧਦੇ ਜਾ ਰਹੇ ਹਨ.. ਪਰ ਕੀ ਇਨ੍ਹਾਂ ਘਟਨਾਵਾਂ ਤੇ ਵਰਤਾਰਿਆਂ ਤੋਂ ਸਿੱਟਾ ਨਿੱਕਲ ਰਿਹਾ ਹੈ ਕਿ ਇਹ ਗਲੋਬਲ ਵਾਰਮਿੰਗ ਦੇ ਪ੍ਰਭਾਵਾਂ ਦੇ ਕਾਰਨ ਵਾਪਰ ਰਹੇ ਹਨ?

ਨਾਨੀ : ਕਿਉਂ ਨਹੀਂ? ਸਾਲ 2009 ਨੂੰ ਭੁੱਲ ਗਏ ਜਦੋਂ ਮੌਨਸੂਨ ਦੀ ਕਮੀ ਨਾਲ ਲਗਭਗ 20% ਅੰਨ-ਉਤਪਾਦਨ ਘਟ ਗਿਆ ਸੀ। ਯਾਦ ਹੈ ਕਿ ਉਦੋਂ ਦਾਲਾਂ ਵਰਗੇ ਜ਼ਰੂਰੀ ਭੋਜਨ ਪਦਾਰਥਾਂ ਦੀ ਗਗਨਚੁੰਬੀ ਮਹਿੰਗਾਈ ਨੇ ਕੀ ਹਾਲ ਕਰਦਿੱਤਾ ਸੀ? ਉਸ ਸਮੇਂ ਮਹਿੰਗਾਈ ਦਾ ਇਕ ਕਾਰਨ ਇਹ ਵੀ ਰਿਹਾ ਸੀ ਕਿ ਸੰਨ 2009 ਵਿਚ ਵਿਆਪਕ ਸੋਕਾ ਅਤੇ ਭਿਆਨਕ ਹੜ੍ਹ ਥਾਂ-ਥਾਂ ਫਸਲਾਂ ਨੂੰ ਸੁਕਾਉਂਦੇ ਅਤੇ ਡੁਬੋਂਦੇ ਰਹੇ..

ਸੁਮਿਤ : ਠੀਕ ਕਿਹਾ ਨਾਨੀ ਜੀ, ਤੇਲ, ਚੀਨੀ, ਪਿਆਜ਼ ਅਤੇ ਆਲੂ ਵਰਗੀਆਂ ਫਸਲਾਂ ਦੀ ਜ਼ਿੰਨੀ ਜ਼ਰੂਰਤ ਹੈ ਉਨੀਂ ਮਾਤਰਾ ਵਿੱਚ ਉਨ੍ਹਾਂ ਦਾ ਉਤਪਾਦਨ ਨਹੀਂ ਸੀ ਹੋ ਰਿਹਾ! ਪਿਆਜ ਨੇ ਤਾਂ ਰੋਣ ਲਾ ਦਿੱਤਾ ਸੀ ਹਰ ਕਿਸੇ ਨੂੰ!

ਰੁਲਦੂ : ਠੀਕ ਕਿਹਾ! ਸਾਥੋਂ ਹੀ ਪੁੱਛ ਲਉ ਕਿ ਖਾਣੇ ਦੀ ਕੀ ਹਾਲਤ ਹੈ! ਪਰ ਅੱਜ ਕੱਲ ਤਾਂ ਪਿਆਜ ਦੀਆਂ ਕੀਮਤਾਂ ਨੇ ਸਾਡੇ ਹੰਝੂਆਂ ਨੂੰ ਵੀ ਸੁਕਾ ਦਿੱਤਾ; ਅੱਖੀਆਂ ਦਾ ਪਾਣੀ ਹੀ ਮੁਕਾ ਦਿੱਤਾ! ਹਾਲਾਂਕਿ ਸਰਕਾਰੀ ਯਤਨਾਂ ਨਾਲ ਖਾਣਾ ਕੁਝ ਸਸਤਾ ਹੋਣ ਨਾਲ ਲੋਕਾਂ ਨੂੰ ਥੋਹੜੀ ਜਿਹੀ ਰਾਹਤ ਤਾਂ ਮਿਲੀ ਹੈ ਪਰ ਇਸ ਗਲੋਬਲ ਵਾਰਮਿੰਗ ਦੇ ਫਲਸਰੂਪ ਝਾੜ ਘਟਣ ਕਰਕੇ ਫਸਲਾਂ ਦੇ ਖਰਾਬੇ ਕਰਕੇ ਕਿਸਾਨ ਤਾਂ ਸਭ ਤੋਂ ਜ਼ਿਆਦਾ ਪੀੜਤ (ਦੁਖੀ) ਹੈ...!

ਨਾਨਾ : ਕਿਸਾਨ ਸਭ ਤੋਂ ਜ਼ਿਆਦਾ ਪੀੜਤ ਹੈ... ਸਹੀ ਹੈ .... ਪਰ ਇਸ ਦਾ ਕਾਰਨ ਜਿੱਥੇ ਝਾੜ ਘਟਣਾ ਹੈ ਉਥੇ ਕਿਸਾਨ ਦੀਆਂ ਲਾਗਤਾਂ ਦੇ ਤੇਜ਼ੀ ਨਾਲ ਹੋਏ ਵਾਧੇ ਮੁਤਾਬਕ ਉਸੇ ਦਰ ਨਾਲ ਉਸ ਦੀਆਂ ਫਸਲਾਂ ਦੀ ਕੀਮਤ ਨਹੀਂ ਵਧਾਈ ਗਈ ਜਿਸ ਕਰਕੇ ਉਹ ਪੀੜਤ ਹੈ ਤੇ ਖੁਦਕੁਸ਼ੀਆਂ ਦੇ ਰਾਹ ਪੈ ਗਿਆ ਹੈ! ਭੋਜਨ ਪਦਾਰਥਾਂ ਦੀਆਂ ਅਸਮਾਨੇ ਛੁਹੰਦੀਆਂ ਕੀਮਤਾਂ ਵਾਸਤੇ ਤਾਂ ਮੁੱਖ ਜ਼ਿੰਮੇਵਾਰੀ ਜ਼ਖੀਰੇਬਾਜੀ ਦੀ ਹੈ ....!

ਸੁਮਨ : ਭੋਜਨ ਪਦਾਰਥਾਂ ਦੀ ਅਤਿ ਦੀ ਮਹਿੰਗਾਈ ਲਈ ਜ਼ਖੀਰੇਬਾਜੀ ਤੇ ਕਿਸਾਨ ਦੀ ਪੀੜਾ ਲਈ ਖੇਤੀ ਲਾਗਤਾਂ ਦਾ ਅਸਮਾਨੇ ਛੂਹਣਾ ਬੇਸ਼ੱਕ ਵੱਡੇ ਕਾਰਨ ਹਨ ਪਰ ਫਿਰ ਵੀ ਗਲੋਬਲ ਵਾਰਮਿੰਗ ਕਰਕੇ ਝਾੜ ਘਟਣਾ ਤੇ ਕੁਦਰਤੀ ਆਫਤਾਂ ਦੀ ਬਾਰੰਬਾਰਤਾ ਅਤੇ ਭਿਆਨਕਤਾ ਵਧਣਾ ਵੀ ਤਾਂ ਇਨ੍ਹਾਂ ਅਲਾਮਤਾਂ ਲਈ ਜ਼ਿੰਮੇਵਾਰ ਮੰਨਣੇ ਹੀ ਪੈਣੇ ਹਨ!

ਨਾਨੀ : ਸੁਮਨ ਗੱਲ ਤਾਂ ਤੇਰੀ ਸੌ ਫੀ ਸਦੀ ਸੱਚ ਹੈ ਪਰ ਫਿਰ ਵੀ ਕੁਝ ਲੋਕ ਭਰਮ ਫੈਲਾ ਰਹੇ ਹਨ! ਲੋਕ ਕੀ ਕੁਝ ਦੇਸ਼ ਹੀ ਕੂੜ ਪ੍ਰਚਾਰ ਕਰਕੇ ਲੋਕਾਂ ਨੂੰ ਭੁਲੇਖੇ ਪਾਉਣ 'ਤੇ ਲੱਗੇ ਹਨ.. ਪਰ ਸਾਨੂੰ ਗਲੋਬਲ ਵਾਰਮਿੰਗ ਦੀ ਆਹਟ (ਚੇਤਾਵਨੀ) ਨੂੰ ਸਮਝਣਾ ਹੀ ਹੋਵੇਗਾ..

ਰੁਲਦੂ : ਆਹਟ (ਚੇਤਾਵਨੀ)???

ਨਾਨੀ : ਹਾਂ! ਅਤੇ ਇਸ ਆਹਟ (ਚੇਤਾਵਨੀ) ਨੂੰ ਸਮਝਣ ਲਈ ਕਿਤੇ ਦੂਰ ਜਾਣ ਦੀ ਲੋੜ ਨਹੀਂ ਬਲਕਿ ਭਾਰਤ ਵਿਚ ਹੀ ਇਸ ਦਾ ਇਕ ਵੱਡਾ ਉਦਾਹਰਨ ਹੈ..

ਸੁਮਨ : ਭਾਰਤ ਵਿਚ? ਉਹ ਕੀ ਨਾਨੀ ਜੀ?

ਨਾਨੀ : ਸੁਮਨ, ਅਜੇ ਹੁਣੇ ਹੀ ਮੈਂ ਤੇ ਮੇਰੀ ਸੰਸਥਾ ਦੇ ਡਾਕਟਰਾਂ ਦੀ ਇੱਕ ਟੀਮ ਲੇਹ, ਲੱਦਾਖ ਦੇ ਦੌਰੇ 'ਤੇ ਗਈ ਸੀ...

ਸੁਮਿਤ : ਵੇਖਿਆ! ਨਾਨੀ ਜੀ ਰਿਟਾਇਰਮੈਂਟ ਦੇ ਬਾਅਦ ਵੀ ਕਿੰਨੇ ਐਕਟਿਵ ਹਨ..

ਰੁਲਦੂ : ਸੁਮਿਤ ਬੇਟੇ, ਡਾਕਟਰ ਵੀ ਕਦੇ ਰਿਟਾਇਰ ਹੁੰਦੇ ਨੇ.. ਦੱਸੋ, ਮਾਂ ਜੀ ਤੁਸੀਂ ਕੀ ਕਹਿ ਰਹੇ ਸੀ..

ਨਾਨੀ : ਹਾਂ, ਤਾਂ ਮੈਂ ਦੱਸ ਰਹੀ ਸੀ ਕਿ ਸਾਡੀ ਟੀਮ ਜਦੋਂ ਲੇਹ ਪਹੁੰਚੀ.. ਤਾਂ ਵੇਖਿਆ ਕਿ ਜਿਹੜਾ ਸਮੁੱਚਾ ਦ੍ਰਿਸ਼ ਪੰਜ ਸਾਲ ਪਹਿਲਾਂ ਸਾਡੀ ਟੀਮ ਨੇ ਵੇਖਿਆ ਸੀ ਉਹ ਤਾਂ ਕਿਤੇ ਉੱਡ-ਪੁੱਡ ਹੀ ਗਿਆ ਸੀ! ਸੱਭ ਕੁਝ ਬਦਲਿਆ-ਬਦਲਿਆ ਲੱਗਦਾ ਸੀ! ਇਸ ਵਾਰ ਤਾਂ ਨਜ਼ਾਰਾ ਹੋਰ ਹੀ ਸੀ..

ਸੁਮਿਤ : ਹਾਏ ਕੀ ਸਭ ਤਬਾਹ ਹੋ ਗਿਆ ਸੀ???

ਸੁਮਨ : ਕੀ ਲੋਕ ਦੁਖੀ ਸਨ?

ਨਾਨੀ : ਨਹੀਂ ਸੁਮਨ, ਸੁਮਿਤ.. ਉਹ ਸਾਰੇ ਲੋਕ ਅਤੇ ਖ਼ਾਸ ਤੌਰ ‘ਤੇ ਔਰਤਾਂ ਬਹੁਤ ਖੁਸ਼ ਨਜ਼ਰ ਆ ਰਹੀਆਂ ਸਨ..

ਰੁਲਦੂ : ਖੁਸ਼ ਨਜ਼ਰ ਆ ਰਹੀਆਂ ਸਨ ...? ਗਲੋਬਲ ਵਾਰਮਿੰਗ ਦੀ ਆਹਟ (ਚੇਤਾਵਨੀ) ਦੇ ਕਾਰਨ?

ਨਾਨੀ : ਹਾਂ ਰੁਲਦੂ, ਅਸਲ ‘ਚ ਹੋਇਆ ਇਹ ਕਿ ਲੰਬਾ ਸਮਾ ਗਰਮੀਆਂ ਦੇ ਰਹਿਣ ਦੇ ਕਾਰਨ ਉਨ੍ਹਾਂ ਦੇ ਪਸ਼ੂਆਂ ਦੇ ਲਈ ਚਾਰਾ ਸਾਲ ਭਾਰ ਉਪਲਬਧ ਰਹਿਣ ਲੱਗਿਆ.. ਅਤੇ ਜਿਹੜੀ ਫਸਲ ਉਹ ਲੋਕ ਸਾਲ ਵਿਚ ਸਿਰਫ਼ ਇਕ ਵਾਰ ਲੈਂਦੇ ਸੀ ਹੁਣ ਦੋ-ਤਿੰਨ ਵਾਰ ਲੈਣ ‘ਚ ਕਾਮਯਾਬ ਹੋ ਰਹੇ ਹਨ...

ਨਾਨਾ : ਲਉ.. ਜੇਕਰ ਇਹ ਗਲੋਬਲ ਵਾਰਮਿੰਗ ਦੀ ਆਹਟ (ਚੇਤਾਵਨੀ)... ਤਾਂ ਰੱਬ ਕਰੇ ਅਜਿਹੀਆਂ ਚੇਤਾਵਨੀਆਂ ਮਿਲਦੀਆਂ ਰਹਿਣ... ! ਜਾਹ ਰੁਲਦੂ ਪਕੌੜੇ ਬਣਾ ਲਿਆ....!

ਨਾਨੀ : ਓ ਜੀ ਪੂਰਾ ਸੁਣ ਤਾਂ ਲਉ.. ਜਦੋਂ ਗਰਮਾਹਟ ਵਧਦੀ ਹੈ ਉਦੋਂ ਗਲੇਸ਼ੀਅਰ ਪਿਘਲਦੇ ਹਨ, ਪਾਣੀ ਉਪਲਬਧ ਹੁੰਦਾ ਹੈ ਅਤੇ ਨਿਚਲੇ ਇਲਾਕਿਆਂ ਵਿਚ ਹੜ੍ਹ ਵੀ ਆਉਂਦੇ ਹਨ..ਪਰ ਇਹ ਸਭ ਉਦੋਂ ਤੱਕ ਹੈ ਜਦੋਂ ਤੱਕ ਗਲੇਸ਼ੀਅਰ ਹੈ.. ਜਦੋਂ ਗਲੇਸ਼ੀਅਰ ਪਿਘਲ ਜਾਣਗੇ ਤਾਂ ਫਿਰ ਆਏਗਾ ਸੋਕੇ ਦਾ ਦੌਰ, ਇੱਕ ਫਸਲ ਲੈਣਾ ਵੀ ਦੁੱਭਰ ਹੋ ਜਾਵੇਗਾ, ਫਿਰ ਕੀ ਹਾਲ ਹੋਵੇਗਾ ਇਹ ਸਮਝਣਾ ਮੁਸ਼ਕਿਲ ਨਹੀਂ ਹੈ...

ਸੁਮਨ : ਹਾਏ! ਤਾਂ ਗਲੋਬਲ ਵਾਰਮਿੰਗ ਦੇ ਕਾਰਨ ਲੇਹ-ਲੱਦਾਖ ‘ਚ ਜਿਹੜਾ ਪਾਣੀ ਉਪਲਬਧ ਹੋ ਰਿਹਾ ਹੈ ਅਤੇ ਗਰਮੀ ਦੇ ਕਾਰਨ ਜ਼ਿਆਦਾ ਫਸਲ ਲੈਣ ‘ਚ ਉੱਥੋਂ ਦੇ ਕਿਸਾਨ ਕਾਮਯਾਬ ਹੋ ਰਹੇ ਹਨ ਉਹ ਬਸ ਇੱਕ ਛਲਾਵਾ ਹੀ ਹੈ! ਅਲਪ ਕਾਲੀਨ ਵਰਤਾਰਾ ਹੀ ਹੈ? ਲੰਬੇ ਸਮੇ ਦੀ ਹਕੀਕਤ ਕੁੱਝ ਹੋਰ ਹੀ ਐ?

ਸੁਮਿਤ : ਅੱਛਾ ਤਾਂ ਇਹ ਖੁਸ਼ੀ ਤੇ ਖੁਸ਼ਹਾਲੀ ਥੋੜ੍ਹ ਚਿਰੀ ਹੈ...? ਯਾਨੀ ਮੌਸਮ ਦਾ ਇਹ ਬਦਲਾਅ, ਬਦਲਦਾ ਮਿਜਾਜ਼ ਕੁਝ ਸਮੇਂ ਜਾਂ ਆਖੋ ਕੁਝ ਸਾਲਾਂ ਵਿਚ ਸਾਰੇ ਸਾਧਨਾਂ ਨੂੰ ਖ਼ਤਮ ਕਰ ਦੇਵੇਗਾ.. ਫਿਰ ਪਲਾਇਨ (ਉਜਾੜਾ), ਭੁੱਖਮਰੀ..??

ਨਾਨੀ : ਹਾਂ! ਦਰਅਸਲ ਹਕੀਕਤ ਇਹ ਹੈ ਕਿ ਠੰਡੇ ਖੇਤਰਾਂ ‘ਚ ਅਤੇ ਜ਼ਿਆਦਾ ਸੰਵੇਦਸ਼ੀਲ ਪ੍ਰਸਿਥਿਤਿਕ ਤੰਤਰਾਂ ਵਿਚ ਗਲੋਬਲ ਵਾਰਮਿੰਗ ਦੀ ਆਹਟ (ਚੇਤਾਵਨੀ) ਜ਼ਿਆਦਾ ਨਜ਼ਰ ਆਉਂਦੀ ਹੈ। ਇਨ੍ਹਾਂ ਸੰਵੇਦਨਸ਼ੀਲ ਖੇਤਰਾਂ ਵਿਚ ਹੋ ਰਹੇ ਥੋੜ੍ਹੇ ਜਿਹੇ ਬਦਲਾਅ ਵੀ ਆਉਣ ਵਾਲੇ ਸਮੇਂ ਦੀ ਕਹਾਣੀ ਦੱਸ ਦਿੰਦੇ ਹਨ..

ਸੁਮਿਤ : ਤਾਂ ਨਾਨੀ ਜੀ, ਜਿਵੇਂ ਲੇਹ ਵਿਚ ਹੋ ਰਿਹਾ ਹੈ, ਕੁਝ-ਕੁਝ ਉਸ ਵਰਗਾ ਹੀ ਇੱਥੇ ਵੀ ਹੋ ਰਿਹਾ ਹੈ.. ਜਿਵੇਂ ਐਨੀ ਵਰਖਾ ਅਤੇ ਉਹ ਵੀ ਇਸ ਮੌਸਮ ‘ਚ?

ਨਾਨੀ : ਠੀਕ ਸਮਝੇ ਸੁਮਿਤ, ਅਸਲ ‘ਚ ਲੋਕ ਸੋਚਦੇ ਹਨ ਕਿ ਗਲੋਬਲ ਵਾਰਮਿੰਗ ਨਾਲ ਸਿਰਫ਼ ਤਾਪਮਾਨ ਵਧੇਗਾ ਜਦ ਕਿ ਸਮਝਣ ਦੀ ਲੋੜ ਇਹ ਹੈ ਕਿ ਮੌਸਮ ਵਿਚ ਬਦਲਾਵਾਂ ਦੇ ਕਾਰਨ ਸਾਰੀਆਂ ਮੌਸਮੀ ਘਟਨਾਵਾਂ ਤੇਜ਼ ਹੋਣਗੀਆਂ..

ਰੁਲਦੂ : ਤੇਜ਼ ਹੋਣਗੀਆਂ? ਮਤਲਬ?

ਸੁਮਨ : ਜਿਵੇਂ ਵਰਖਾ.. ਹੁਣ ਲੰਮੀ ਅਵਧੀ ਦੀ ਬਜਾਏ ਕੁਝ ਹੀ ਦਿਨਾਂ ਵਿਚ ਸਾਰਾ ਪਾਣੀ ਵਹਿ ਜਾਂਦਾ ਹੈ, ਵਰਖਾ ਦੌਰਾਨ ਹੜ੍ਹ ਆ ਜਾਂਦੇ ਹਨ ਅਤੇ ਫਸਲਾਂ ਨੂੰ ਅੱਗੇ ਪਾਣੀ ਨਹੀਂ ਮਿਲ ਪਾਉਂਦਾ..

ਸੁਮਿਤ : ਅਤੇ ਠੰਡ ਵੀ ਕਿੰਨੇ ਘੱਟ ਸਮੇਂ ਦੇ ਲਈ ਅਤੇ ਕਿੰਨੀ ਜ਼ਿਆਦਾ ਹੁੰਦੀ ਹੈ ਅਤੇ ਗਰਮੀਆਂ ਦਾ ਮੌਸਮ ਤਾਂ ਵਧ ਹੀ ਰਿਹਾ ਹੈ..

ਨਾਨੀ : ਹਾਂ, ਪਰ ਇਹ ਵੀ ਇਕ ਸਥਾਈ ਪੈਟਰਨ ਦੇ ਵਾਂਗ ਨਹੀਂ ਹੈ, ਮਤਲਬ ਹਰ ਵਾਰ ਇਕ ਵਰਗੀ ਹੀ ਵਰਖਾ ਹੋਵੇਗੀ ਜਾਂ ਇੱਕੋ ਸਮੇ ‘ਤੇ ਹੀ ਹੋਵੇਗੀ ਜਾਂ ਸਮੇਂ ‘ਤੇ ਨਹੀਂ ਹੋਵੇਗੀ, ਅਜਿਹਾ ਨਹੀਂ ਹੈ.. ਇਸੇ ਲਈ ਤਾਂ ਮੌਸਮ ਦੇ ਬਦਲਾਵਾਂ ਨੂੰ ਠੀਕ-ਠੀਕ ਦੱਸ ਸਕਣਾ ਮੁਸ਼ਕਿਲ ਹੋ ਗਿਆ ਹੈ.. ਮੌਸਮ ਅਨਪ੍ਰਡਿਕਟੇਬਲ ਹੋ ਗਿਆ ਹੈ ਮਤਲਬ ਪੂਰਵ ਅਨੁਮਾਨ ਲਗਾਉਣਾ ਬਹੁਤ ਮੁਸ਼ਕਿਲ ਹੋ ਗਿਆ ਹੈ..

ਰੁਲਦੂ : ਮਾਂ ਜੀ, ਸਾਹਿਬ ਕਾਫੀ ਸਮੇਂ ਤੋਂ ਚੁੱਪ ਹਨ.. ਕਿਉਂ ਸਾਹਿਬ ਪਕੌੜੇ ਬਣਾਵਾਂ ਜਾਂ ਹਾਰ ਮੰਨ ਲਈ..

-ਹੱਸੀ-

ਨਾਨਾ : ਦੇਖੋ ਭਾਈ, ਇਹ ਸਭ ਤਾਂ ਮੈਂ ਸੁਣ ਹੀ ਰਿਹਾ ਹਾਂ ਪਰ ਅਜੇ ਤੱਕ ਗਲੋਬਲ ਵਾਰਮਿੰਗ ਹੋ ਰਹੀ ਹੈ ਅਤੇ ਇਹ ਸਾਡੇ ਲਈ ਨੁਕਸਾਨਦਾਇਕ ਹੈ, ਇਹ ਵੀ ਅਜੇ ਇਕ ਅਨੁਮਾਨ ਹੀ ਹੈ.. ਮੈਂ ਤਾਂ ਅਜੇ ਵੀ ਪੂਰੀ ਤਰ੍ਹਾਂ ਸੰਤੁਸ਼ਟ ਨਹੀਂ ..

ਰੁਲਦੂ : ਤਾਂ ਮਾਂ ਜੀ ਵੇਸਨ ਦਾ ਘੋਲ ਬਣਾ ਲਵਾਂ.. ਸਾਹਿਬ ਤਾਂ ਕਨਵਿੰਸ ਨਹੀਂ ਹਨ..

ਸੁਮਨ : ਓ ਵਾਹ! ਕਨਵਿੰਸ..

-ਹੱਸੀ-

ਨਾਨੀ : ਰੁਕ ਰੁਲਦੂ..! ਇਹ ਤੁਹਾਡੇ ਪੱਤਰਕਾਰ ਸਾਹਿਬ ਜੀ ਤਾਂ ਮੰਨਣ ਨੂੰ ਤਿਆਰ ਹੀ ਨਹੀਂ ਹਨ.. ਚੰਗਾ ਤੁਸੀਂ ਇਹ ਦੱਸੋ ਕਿ ਇਸ ਵਾਰ ਅੰਬ ਦੀ ਫਸਲ ਤੁਹਾਡੇ ਬਗ਼ੀਚੇ ਵਿਚ ਕਿਵੇਂ ਹੈ?

ਨਾਨਾ : ਹੂੰ.. ਕੁਝ ਚੰਗੀ ਨਹੀਂ ਹੈ..

ਨਾਨੀ : ਕੀ? ਚੰਗੀ ਨਹੀਂ....! ਪਰ ਕਿਉਂ ....?

ਨਾਨਾ : ਬਹੁਤ ਸਾਰਾ ਬੂਰ ਸਮੇਂ ਤੋਂ ਪਹਿਲਾਂ ਹੀ ਆ ਗਿਆ ਅਤੇ ਹੁਣ ਵਰਖਾ 'ਚ ਜ਼ਿਆਦਾਤਰ ਝੜ ਵੀ ਗਿਆ.. ਤਾਂ ਫਲ ਕਿੱਥੋਂ ਬਣੇਗਾ..

ਨਾਨੀ : ਅਤੇ ਅੰਬ ਦੇ ਰੁੱਖਾਂ 'ਤੇ ਬੂਰ ਸਮੇਂ ਤੋਂ ਪਹਿਲਾਂ ਕਿਉਂ ਆ ਗਿਆ?

ਨਾਨਾ : ਅ..ਆ.. ਮੌਸਮ ਗਰਮ ਹੀ ਪਹਿਲਾਂ ਹੋ ਗਿਆ.. ਤਾਂ ਰੁੱਖਾਂ ਨੂੰ ਲੱਗਿਆ ਕਿ ਬੂਰ ਦਾ ਸਮਾਂ ਆ ਗਿਆ ਅਤੇ ਸਮੇਂ ਤੋਂ ਪਹਿਲਾਂ ਬੂਰ ਆ ਗਿਆ...

ਨਾਨੀ : ਤਾਂ ਸਮਝੇ...! ਸਾਡੀਆਂ ਗਿਣਤੀਆਂ ਮਿਣਤੀਆਂ ਲਈ ਭਾਵੇਂ ਜਨਵਰੀ ਜਾਂ ਫਰਵਰੀ ਦਾ ਮਹੀਨਾ ਹੋਵੇ.. ਪਰ ਰੁੱਖ-ਪੌਦੇ, ਜੀਵ-ਜੰਤੂ ਤਾਂ ਸਭ ਕੁਝ ਦਿਨ ਰਾਤ ਤੇ ਮੌਸਮ ਦੇ ਅਧਾਰ 'ਤੇ ਹੀ ਤੈਅ ਕਰਦੇ ਹਨ ਜਿਵੇਂ ਕਦੋਂ ਫੁੱਲ ਆਉਣਗੇ, ਕਦੋਂ ਪ੍ਰਜਣਨ ਕਰਨਾ ਹੈ, ਕਦੋਂ ਫਲ ਆਉਣਗੇ.. ਇਹ ਸਭ ਗਰਮੀ-ਸਰਦੀ ਤੋਂ ਹੀ ਤੈਅ ਹੁੰਦਾ ਹੈ..

ਸੁਮਿਤ : ਹਾਂ! ਇਹ ਤਾਂ ਮੈਂ ਵੀ ਵੇਖਿਆ ਹੈ! ਪੂਰਨ ਸੂਰਜ ਗ੍ਰਹਿਣ ਵੇਲੇ ਪੰਛੀਆਂ ਦੀਆਂ ਡਾਰਾਂ ਦੁਪਹਿਰ ਵੇਲੇ ਹੀ ਆਪਣੇ ਆਲ੍ਹਣਿਆਂ ਵੱਲ ਨੂੰ ਉਡ ਚੱਲੀਆਂ ਸਨ!

ਸੁਮਨ : ਤਾਂ ਕੀ ਇਹ ਸਭ ਸੰਤੁਲਣ ਵਿਗੜ ਗਿਆ ਹੈ.. ਕਿਉਂ ਨਾ ਨਾਨੀ ਜੀ?

ਸੁਮਿਤ : ਨਾਨੀ ਜੀ ਲੱਗਦਾ ਹੈ ਸੁਮਨ ਨੇ ਟੀਮ ਬਦਲ ਲਈ ਹੈ.. ਹੁਣ ਸਾਡੀ ਟੀਮ 'ਚ ਹੈ..

-ਹੱਸੀ-

ਸੁਮਨ : ਮੈਂ ਪਾਲਾ ਬਦਲਣ ਵਾਲੀ ਨਹੀਂ.... ਮੈਂ ਤਾਂ ਅਜੇ ਵੀ ਨਾਨਾ ਜੀ ਦੀ ਟੀਮ 'ਚ ਹੀ ਹਾਂ ਪਰ ਮੈਨੂੰ ਨਾਨੀ ਜੀ ਦੀ ਗੱਲ ਵੀ ਸਹੀ ਲੱਗਣ ਲੱਗੀ ਹੈ...!

ਨਾਨੀ : ਪਾਲਾ! ਪਾਲੇ ਦਾ ਮਤਲਬ? ਵਿਚਾਰ ਵਟਾਂਦਰਾ ਜਾਂ ਪੜ੍ਹਾਈ ਗਿਆਨ ਵਿੱਚ ਵਾਧਾ ਕਰਨ ਵਾਸਤੇ ਹੁੰਦੀ ਹੈ ਨਾ ਕਿ ਜਿੱਤ ਹਾਰ ਲਈ, ਹੰਕਾਰ ਲਈ ਜਾਂ ਕਿਸੇ ਨੂੰ ਨੀਚਾ ਵਿਖਾਉਣ ਲਈ! ਇਸੇ ਲਈ ਤਾਂ ਗੁਰੂ ਨਾਨਕ ਦੇਵ ਜੀ ਵਾਕ ਹੈ:

ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ ।।
ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ ।।
ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ ।।
ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ ।।
ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ ।।

ਨਾਨਾ : ਹਾਂ ਬਿਲਕੁਲ ਠੀਕ ਹੈ! ਗੁਰੂ ਸਾਹਿਬ ਦੇ ਹੁਕਮ ਅਨੁਸਾਰ ਹੀ ਇਹ ਵਿਚਾਰ ਵਟਾਂਦਰਾ ਆਪਣਾ ਗਿਆਨ ਵਧਾਉਣ ਵਾਸਤੇ ਅਤੇ ਇਸ ਅਹਿਮ ਮੁੱਦੇ ਬਾਬਤ ਸਪਸ਼ਟ ਸਮਝ ਬਣਾਉਣ ਵਾਸਤੇ ਹੈ ਨਾ ਕਿ ਜਿੱਤ ਹਾਰ ਲਈ! ਹੁਣ ਡਾ. ਸਾਹਿਬਾ ਇਹ ਦੱਸੋ ਕਿ ਭਾਰਤ ‘ਚ ਇਸ ਗਲੋਬਲ ਵਾਰਮਿੰਗ ਦਾ ਜੋ ਪ੍ਰਭਾਵ ਪੈ ਰਿਹਾ ਹੈ ਉਸ ਨਾਲ ਨਿਪਟਣ ਦੇ ਉਪਾਅ ਕੀ ਹਨ?

ਰੁਲਦੂ : ਤਾਂ ਮਾਂ ਜੀ! ਕੀ ਫੈਸਲੇ ਮੁਤਾਬਕ ਹੁਣ ਮੈਂ ਫਲ ਕੱਟ ਲਿਆਵਾਂ...?

ਨਾਨਾ : ਓ ਰੁਕ.. ਅਜੇ ਚਰਚਾ ਜਾਰੀ ਹੈ.. ਜੇਕਰ ਸਰਕਾਰ ਕੁਝ ਕਦਮ ਨਹੀਂ ਚੁੱਕ ਰਹੀ ਤਾਂ ਇਸ ਦਾ ਮਤਲਬ ਕਿ ਗਲੋਬਲ ਵਾਰਮਿੰਗ ਹੋ ਹੀ ਨਹੀਂ ਰਹੀ..

ਨਾਨੀ : ਸੱਚ ਆਖਾਂ ਤਾਂ ਪੂਰੀ ਦੁਨੀਆ ਵਿਚ ਭਾਰਤ ਸਰਕਾਰ ਹੀ ਸਭ ਤੋਂ ਜ਼ਿਆਦਾ ਕਦਮ ਚੁੱਕ ਰਹੀ ਹੈ..

ਰੁਲਦੂ : ਹੁਣ ਤਾਂ ਮੈਂ ਫਲ ਕੱਟ ਹੀ ਲੈਂਦਾ ਹਾਂ...!

ਨਾਨਾ : ਓ ਰੁਕ, ਗੱਲ ਪੂਰੀ ਹੋਣ ਦੇਹ! ਕਾਹਲਾ ਨਾ ਪੈ! ਪੂਰੀ ਗੱਲ ਸੁਣ ਕੇ ਹੀ ਫ਼ੈਸਲਾ ਕਰਨਾ ....!

-ਹੱਸੀ-

ਨਾਨੀ : ਭਾਰਤ ਸਰਕਾਰ ਵੱਲੋਂ ਚੁੱਕੇ ਜਾ ਰਹੇ ਕਦਮਾ ਦੀ ਵੀ ਸੁਣ ਲਓ ਕਹਾਣੀ! ਭਾਰਤ ਗਲੋਬਲ ਸੋਲਰ ਅਲਾਇੰਸ ਦਾ ਹਿੱਸਾ ਹੈ ਅਤੇ ਇਸ ਦੀ ਧਾਰਨਾ ਦੇ ਪਿੱਛੇ ਭਾਰਤ ਦੀ ਵੱਡੀ ਭੂਮਿਕਾ ਹੈ.. ਇਸੇ ਕਾਰਨ ਸੌਰ ਊਰਜਾ ਵਿਚ ਸਭ ਤੋਂ ਤੇਜ਼ੀ ਨਾਲ ਅੱਗੇ ਵਧ ਰਿਹਾ ਹੈ ਭਾਰਤ ਅਤੇ ਇਸ ਤੋਂ ਇਲਾਵਾ ਸੰਨ 2030 ਤੱਕ ਭਾਰਤ ਵਿਚ ਸਾਰੇ ਨਿੱਜੀ ਵਾਹਨ ਬੈਟਰੀ ਨਾਲ ਚੱਲਣ ਵਾਲੇ ਹੋਣ ਇਸ ‘ਤੇ ਤੇਜ਼ੀ ਨਾਲ ਕੰਮ ਚੱਲ ਰਿਹਾ ਹੈ..

ਨਾਨਾ : ਅਤੇ ਖੇਤੀ ‘ਚ ਕਿਹੜੇ ਕਦਮ ਚੁੱਕੇ ਜਾ ਰਹੇ ਹਨ..

ਨਾਨੀ : ਓ ਜੀ ਸਾਰਾ ਫੋਕਸ ਹੀ ਖੇਤੀ ‘ਤੇ ਹੈ.. ਸਭ ਤੋਂ ਵੱਡੀ ਗੱਲ ਹੈ ਕਿ ਸਰਕਾਰ ਨੇ ਯੂਰੀਆ ਨੂੰ ਪੂਰੀ ਤਰ੍ਹਾਂ ਨੀਮ ਲੇਪਿਤ ਕਰ ਦਿੱਤਾ ਹੈ..

ਸੁਮਿਤ : ਇਸ ਦਾ ਫਾਇਦਾ...

ਸੁਮਨ : ਨੀਮ ਲੇਪਿਤ ਯੂਰੀਆ ਹੋਣ ਨਾਲ ਪੌਦਿਆਂ ਨੂੰ ਨਾਈਟ੍ਰੋਜਨ ਹੌਲੀ-ਹੌਲੀ ਅਤੇ ਲੰਬੇ ਸਮੇਂ ਤੱਕ ਉਪਲਬਧ ਰਹਿੰਦੀ ਹੈ.. ਤੇ ਯੂਰੀਆ ਦੀ ਜ਼ਰੂਰਤ ਘਟ ਜਾਂਦੀ ਹੈ ਜਿਸ ਕਰਕੇ ਯੂਰੀਆ ਦੀ ਬਰਬਾਦੀ ਵੀ ਨਹੀਂ ਹੁੰਦੀ..

ਰੁਲਦੂ : ਨਿੰਮ ਲੇਪਿਤ ਯੂਰੀਆ ਦਾ ਇਕ ਵੱਡਾ ਫਾਇਦਾ ਮੈਂ ਵੀ ਜਾਣਦਾ ਹਾਂ..

ਸਾਰੇ ਇਕੱਠੇ : ਕੀ?

ਰੁਲਦੂ : ਹੁਣ ਮਿਲਾਵਟ ਦੇ ਲਈ ਦੁੱਧ ‘ਚ ਯੂਰੀਆ ਨਹੀਂ ਪਾਇਆ ਜਾਂਦਾ.. ਮਤਲਬ ਦੁੱਧ ‘ਚ ਯੂਰੀਏ ਦੀ ਮਿਲਾਵਟ ਪੂਰੀ ਤਰ੍ਹਾਂ ਖ਼ਤਮ...

ਨਾਨਾ : ਓ ਵਾਹ ਰੁਲਦੂ ਇਹ ਤਾਂ ਤੂੰ ਬਿਲਕੁਲ ਸਹੀ ਗੱਲ ਦੱਸੀ ਆ ...! ਨਿੰਮ ਲੇਪਿਤ ਯੂਰੀਆ ਦਾ ਐਨਾ ਵੱਡਾ ਲਾਭ.. ਚੱਲ ਇਸ ਗੱਲ ‘ਤੇ ਹੀ ਪਕੌੜੇ ਬਣਾ ਲਿਆ..

ਰੁਲਦੂ : ਜੀ ਸਾਹਿਬ...! ਹੁਣ ਜਦ ਜਿੱਤ ਹਾਰ ਦਾ ਪ੍ਰਸ਼ਨ ਹੀ ਖਤਮ ਕਰ ਦਿੱਤਾ ਤਾਂ ਤੇ ਪਕੌੜੇ ਹੀ ਬਣਾਉਣੇ ਬਣਦੇ ਨੇ!

ਸੁਮਿਤ : ਨਾਨੀ ਜੀ, ਸਰਕਾਰ ਨੇ ਵਾਤਾਵਰਨ ਸੁਰੱਖਿਆ ਦੇ ਲਈ ਕਈ ਕਦਮ ਤਾਂ ਚੁੱਕੇ ਹੀ ਹਨ ਪਰ ਕੀ ਇਸ ਨਾਲ ਕੁਝ ਫ਼ਰਕ ਪਏਗਾ?

ਨਾਨੀ : ਫ਼ਰਕ ਤਾਂ ਪਏਗਾ ਬੇਟਾ, ਪਰ ਜ਼ਿੰਮੇਵਾਰੀ ਸਭ ਦੀ ਹੈ। ਭਾਰਤ ਤਾਂ ਕਦਮ ਚੁੱਕ ਹੀ ਰਿਹਾ ਹੈ ਅਤੇ ਅੰਤਰਰਾਸ਼ਟਰੀ ਸਮਝੌਤਿਆਂ ‘ਚ ਸੁਝਾਅ ਵੀ ਦਿੰਦਾ ਹੈ ਅਤੇ ਇਨ੍ਹਾਂ ਦਾ ਪਾਲਣ ਵੀ ਕਰਦਾ ਹੈ.. ਪਰ ਵੱਡੇ ਵਿਕਸਿਤ ਦੇਸ਼ ਜਿਵੇਂ ਅਮਰੀਕਾ, ਕੈਨੇਡਾ, ਆਸਟ੍ਰੇਲੀਆ ਆਦਿ ਨੂੰ ਵੀ ਸਾਰਥਕ ਭੂਮਿਕਾ ਨਿਭਾਉਣੀ ਚਾਹੀਦੀ ਹੈ, ਉਨ੍ਹਾਂ ਨੂੰ ਵੀ ਇਨ੍ਹਾਂ ਅੰਤਰਰਾਸ਼ਟਰੀ ਸਮਝੌਤਿਆਂ ਦੀ ਪਾਲਣ ਕਰਨੀ ਹੋਵੇਗੀ ਅਤੇ ਗ੍ਰੀਨ ਹਾਊਸ ਗੈਸਾਂ ਦਾ ਉਤਸਰਜਨ ਘੱਟ ਕਰਨਾ ਹੋਵੇਗਾ..

ਰੁਲਦੂ : ਤਾਂ ਕੀ ਇਹ ਦੇਸ਼ ਪਾਲਣ ਨਹੀਂ ਕਰਦੇ?

ਸੁਮਨ : ਨਹੀਂ ਕਰਦੇ! ਇਹ ਤਾਂ ਸਭ ਤੋਂ ਜ਼ਿਆਦਾ ਪ੍ਰਦੂਸ਼ਣ ਵੀ ਕਰਦੇ ਹਨ ਅਤੇ ਗਲੋਬਲ ਵਾਰਮਿੰਗ ਨੂੰ ਝੁਠਲਾਉਂਦੇ ਵੀ ਰਹਿੰਦੇ ਹਨ।

ਰੁਲਦੂ : ਓ ਤਾਂ ਉਨ੍ਹਾਂ ਨੂੰ ਝੁਠਲਾਉਣ ਦਿਉ.. ਸਾਨੂੰ ਤਾਂ ਨੁਕਸਾਨ ਹੋ ਰਿਹਾ ਹੈ, ਅਸੀਂ ਤਾਂ ਗਲੋਬਲ ਵਾਰਮਿੰਗ ਨੂੰ ਰੋਕਣ ਲਈ ਯਤਨ ਕਰੀਏ..

ਨਾਨਾ : ਓ ਰੁਲਦੂ, ਇਹੀ ਤਾਂ ਸਮੱਸਿਆ ਹੈ.. ਇਨ੍ਹਾਂ ਜ਼ਹਿਰ ਭਰੀਆਂ ਹਵਾਵਾਂ ਨੂੰ ਦੇਸ਼ ਦੀਆਂ ਹੱਦਾਂ ਥੋੜ੍ਹਾ ਹੀ ਪਤਾ ਨੇ, ਇਹ ਤਾਂ ਪ੍ਰਦੂਸ਼ਣ ਅਮਰੀਕਾ ਫੈਲਾਏ ਜਾਂ ਚੀਨ.. ਇਹ ਹਵਾਵਾਂ ਕਿਹੜਾ ਸਰਹੱਦਾਂ ਵਿੱਚ ਕੈਦ

ਨੇ! ਇਹ ਤਾਂ ਕਿੱਥੋਂ ਦਾ ਜ਼ਹਿਰ ਲੈ ਕੇ ਕਿਤੇ ਹੋਰ ਪਹੁੰਚਾ ਜਾਂਦੀਆਂ ਹਨ ਅਤੇ ਨੁਕਸਾਨ ਛੋਟੇ ਦੇਸ਼ਾਂ ਨੂੰ ਝੱਲਣਾ ਪੈ ਰਿਹਾ ਹੈ..

**ਸੁਮਿਤ** : ਓ ਵਾਹ! ਨਾਨਾ ਜੀ, ਬਹੁਤ ਚੰਗੀ ਗੱਲ ਕੀਤੀ..

**ਸੁਮਨ** : (**ਹੱਸਦੇ ਹੋਏ**) ਲੱਗਦਾ ਹੈ ਨਾਨਾ ਜੀ, ਤੁਹਾਨੂੰ ਗਲੋਬਲ ਵਾਰਮਿੰਗ ਦੀ ਗੱਲ ਨਾਲ ਸਹਿਮਤੀ ਹੋਣ ਲੱਗੀ ਹੈ..

ਨਾਨਾ : ਹਾਂ! ਕਿਉਂ ਨਹੀਂ, ਅੰਬ ਦੇ ਬਾਗ਼ ਤਾਂ ਮੇਰੇ ਵੀ ਖ਼ਰਾਬ ਹੋਏ ਹਨ। ਮੱਛਰਾਂ ਨਾਲ ਮੈਂ ਵੀ ਤਾਂ ਪ੍ਰੇਸ਼ਾਨ ਰਿਹਾ ਹਾਂ ਅਤੇ ਚਿੜੀਆਂ ਦਾ ਘੱਟ ਚਹਿਚਹਾਉਣਾ ਮੈਨੂੰ ਵੀ ਅੰਦਰੋਂ ਅੰਦਰੀ ਦੁਖੀ ਕਰਦਾ ਹੈ.. ਜਾਹ ਰੁਲਦੂ ਫਲ ਕੱਟ ਲਿਆ..

ਨਾਨੀ : ਲਓ ਵਰਖਾ 'ਚ ਫਲ? ਬਿਮਾਰ ਪੈਣਾ ਹੈ ਕੀ..?. ਜਾਹ ਰੁਲਦੂ ਸਾਰਿਆਂ ਦੇ ਲਈ ਗਰਮਾ ਗਰਮ ਪਕੌੜੇ ਅਤੇ ਚਾਹ ਲਿਆ..

**ਸੁਮਿਤ ਅਤੇ ਸੁਮਨ**: (ਇਕੱਠੇ) ਓ ਵਾਹ!

**ਰੁਲਦੂ** : ਹੁਣੇ ਲਿਆਇਆ ਮਾਂ ਜੀ, ਮੈਂ ਆਲੂ, ਪਿਆਜ਼ ਤਾਂ ਕੱਟ ਹੀ ਰੱਖੇ ਹਨ.. ਹੁਣੇ ਲਿਆਇਆ..

ਨਾਨਾ : ਓ ਰੁਲਦੂ, ਗੋਭੀ ਅਤੇ ਮਿਚਰ ਦੇ ਵੀ ਕੁਝ ਕੁ ਬਣਾ ਲਿਆਈਂ..

**ਰੁਲਦੂ** : ਬਣਾਉਂਦਾ ਹਾਂ ਸਾਹਿਬ, ਐਨੀ ਗਲੋਬਲ ਵਾਰਮਿੰਗ ਨਾਲ ਲੜਦੇ ਹੋਏ ਸਾਡੇ ਕਿਸਾਨਾਂ ਦੀ ਬਦੌਲਤ ਹੀ ਅਸੀਂ ਇਹ ਪਕੌੜੇ ਖਾ ਸਕੇ ਹਾਂ, ਉਨ੍ਹਾਂ ਸਾਰਿਆਂ ਨੂੰ ਧੰਨਵਾਦ ਦਿੰਦੇ ਹੋਏ ਅਤੇ ਅੱਜ ਦੀ ਚਰਚਾ 'ਚ ਮਾਂ ਜੀ ਦੀਆਂ ਗੱਲਾਂ ਤੇ ਵਿਚਾਰਾਂ ਨੂੰ ਸਹੀ ਠਹਿਰਾਉਂਦੇ ਹੋਏ, ਮੈਂ ਚੱਲਿਆ ਪਕੌੜੇ ਅਤੇ ਚਾਹ ਬਨਾਉਣ..

-ਹੱਸੀ-

ਨਾਨਾ : ਹਿਸਾਬ ਨਾਲ ਬਣਾਈਂ! ਐਵੇਂ ਕਿਤੇ ਬਰਬਾਦ ਨਾ ਹੋਣ.. ਅਜਿਹਾ ਇਸ ਲਈ ਆਖ ਰਿਹਾ ਹਾਂ ਕਿਉਂਕਿ ਹਰ ਸਾਲ ਦੁਨੀਆ ਭਰ ਵਿਚ ਲਗਭਗ 1.3 ਅਰਬ ਟਨ ਖਾਣਾ ਬਰਬਾਦ ਹੋ ਜਾਂਦਾ ਹੈ। ਹੋ ਸਕਦਾ ਹੈ ਅੱਜ ਅਸੀਂ ਉਨ੍ਹਾਂ ਖੁਸ਼ ਕਿਸਮਤਾਂ 'ਚੋਂ ਹੋਈਏ ਜਿਹੜੇ ਮਨ ਚਾਹਿਆ ਖਾ ਸਕਦੇ ਹਨ..

**ਸੁਮਨ** : ਹਾਂ ਨਾਨਾ ਜੀ, ਪਰ ਜੇਕਰ ਅਸੀਂ ਸਾਰੇ ਗਲੋਬਲ ਵਾਰਮਿੰਗ ਨਾਲ ਲੜਨ ਦਾ ਮਨ ਬਣਾ ਲਈਏ ਤਾਂ ਹੀ ਤਾਂ ਇਹ ਜੀਵਨ ਚੱਲਦਾ ਰਹੇਗਾ..

ਨਾਨੀ : ਬਿਲਕੁਲ ਅਤੇ ਸਿਰਫ਼ ਸਰਕਾਰ ਦੇ ਚਾਹੁਣ ਨਾਲ ਗਲੋਬਲ ਵਾਰਮਿੰਗ ਵਿਚ ਕਮੀ ਨਹੀਂ ਕੀਤੀ ਜਾ ਸਕਦੀ ਬਲਕਿ ਸਾਰੇ ਲੋਕਾਂ ਨੂੰ ਇਕੱਠੇ ਮਿਲਣਾ ਹੋਵੇਗਾ ਅਤੇ ਸਾਰਿਆਂ ਨੂੰ ਮਿਲ ਕੇ ਗ੍ਰੀਨ ਹਾਊਸ ਗੈਸਾਂ ਦੇ ਉਤਸਰਜਨ ਨੂੰ ਘੱਟ ਕਰਨ ਦੇ ਆਪਣੇ-ਆਪਣੇ ਪੱਧਰ 'ਤੇ ਵੀ ਯਤਨ ਕਰਨੇ ਹੋਣਗੇ..

ਨਾਨਾ : ਸਹੀ ਗੱਲ ਹੈ, ਮੇਰੀ ਤਰ੍ਹਾਂ ਕਈ ਲੋਕਾਂ ਨੂੰ ਲੱਗਦਾ ਹੈ ਕਿ ਗਲੋਬਲ ਵਾਰਮਿੰਗ ਨਾਲ ਉਹ ਪੀੜਤ ਨਹੀਂ ਹੋਣਗੇ, ਪਰ ਇਹ ਸਭ ਗਲਤ ਹੈ.. ਇਹ ਧਰਤੀ ਆਪਣੇ ਨਾਲ ਹੋਏ ਦੁਰਵਿਵਹਾਰ ਦਾ ਸਭ ਕੋਲੋਂ ਹੀ ਬਦਲਾ ਲਏਗੀ.. ਹੁਣ ਤਾਂ ਸੰਭਲ ਜਾਣ ਦਾ ਸਮਾਂ ਹੈ.. ਇਸ ਧਰਤੀ ਨੂੰ ਮੰਨਣ ਦਾ ਸਮਾਂ ਹੈ...

ਨਾਨੀ : ਹਾਂ! ਕੁਦਰਤ ਨਾਲ ਇਕਸੁਰਤਾ ਵਾਲੀ ਜੀਵਣ ਸ਼ੈਲੀ ਬਣਾਉਣ ਲਈ ਵਿਕਾਸ ਦੇ ਖਪਤਕਾਰੀ ਅੰਨ੍ਹਾਂ ਮੁਨਾਫਾ ਆਧਾਰਤ ਮਾਡਲ ਨੂੰ ਬਦਲ ਕੇ ਕੁਦਰਤੀ ਸੰਤੁਲਨ ਵਾਲਾ, ਮਨੁੱਖੀ ਲੋੜਾਂ ਦੀ ਪੂਰਤੀ ਵਾਸਤੇ ਉਤਪਾਦਨ ਕਰਨ ਵਾਲਾ, ਸੰਜਮ ਨਾਲ ਵਰਤੋਂ ਵਾਲਾ, ਜੀਵਣ ਵਿੱਚ ਸਹਿਜ ਦੇਣ ਵਾਲਾ ਮਾਡਲ ਸਿਰਜਣ ਵੱਲ ਵਧਣਾ ਪਵੇਗਾ!

ਸੁਮਨ ਤੇ ਸੁਮਿਤ(ਇਕੱਠੇ): ਵਾਹ! ਵਾਹ! ਨਾਨਾ ਜੀ ਨਾਨੀ ਜੀ.. ਵਾਹ! (**ਤਾੜੀਆਂ ਵਜਾਉਂਦੇ ਹੋਏ**)

ਨਾਨੀ : ਚਲੋ ਮੈਂ ਜ਼ਰਾ ਰਸੋਈ ਵੇਖਦੀ ਹਾਂ..

ਨਾਨਾ : ਤੁਸੀਂ ਕਿੱਥੇ ਚੱਲੇ! ਬੈਠੋ ਇਨ੍ਹਾਂ ਕੋਲ! ਅੱਜ ਮੈਂ ਘਰ ਵਿੱਚ ਵੀ ਵੱਧ ਇਕਸੁਰਤਾ ਤੇ ਬਰਾਬਰੀ ਵਾਲਾ ਮਾਡਲ ਬਣਾਉਣ ਵੱਲ ਕਦਮ ਉਠਾਉਂਦਾ ਹਾਂ.. ਰਸੋਈ ਮੈਂ ਵੇਖਦਾ ਹਾਂ.. (**ਚੀਕ ਕੇ**) ਓ ਰੁਲਦੂ ਤੇਲ ਚੜ੍ਹਾ ਦਿੱਤਾ..

ਰੁਲਦੂ : ਜੀ ਸਾਹਿਬ..

-ਹੱਸੀ-

**ਸਮਾਪਤ**

********

**ਪ੍ਰਸ਼ਨ:**

**ਪ੍ਰਸ਼ਨ** -1 : ਆਲਮੀ ਤਪਸ਼ ਤੇ ਜਲਵਾਯੂ ਬਦਲਾਅ ਦਾ ਭਾਰਤ ਵਿੱਚ ਵਰਖਾ 'ਤੇ ਕੀ ਪੈਂਦਾ ਹੈ ਪ੍ਰਭਾਵ ?

ਉੱਤਰ: ਬੇਮੌਸਮੀ ਵਰਖਾ , ਥੋੜ੍ਹੇ ਸਮੇ ਵਿੱਚ ਜਿਆਦਾ ਜਲ ਡਿਗਣਾ ਤੇ ਹੜ੍ਹ !

**ਪ੍ਰਸ਼ਨ** - 2 : ਜਲਵਾਯੂ ਬਦਲਾਅ ਦਾ ਕੀ ਹੈ ਪ੍ਰਭਾਵ ਭਾਰਤੀ ਜਨ ਜੀਵਣ 'ਤੇ ?

ਉੱਤਰ: ਸੋਕੇ ਤੇ ਹੜ੍ਹਾਂ ਕਾਰਨ ਅੰਨ ਉਤਪਾਦਨ ਘਟਣ ਨਾਲ ਤੇ ਨਵੀਂ ਬਿਮਾਰੀਆਂ ਕਾਰਨ ਆਰਥਕਤਾ 'ਤੇ ਵਜਦੀ ਹੈ ਵਦਾਣੀ ਸੱਟ ਵਿਸ਼ੇਸ਼ ਕਰਕੇ ਕਿਸਾਨੀ ਦੇ ਅਰਥਚਾਰੇ 'ਤੇ !